Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 25 | 26/05/2025 | www.samajweekly.com | samajweekly | @samajweekly | samajweekly

# ਆਰਜੇਡੀ ਮੁਖੀ ਲਾਲੂ ਪ੍ਰਸਾਦ ਨੇ ਵੱਡੇ ਬੇਟੇ ਤੇਜਪ੍ਰਤਾਪ ਨੂੰ ਪਾਰਟੀ 'ਚੋਂ ਕੱਢਿਆ

**ਪਟਨਾ।** ਰਾਸ਼ਟਰੀ ਜਨਤਾ ਦਲ (ਆਰਜੇਡੀ) ਮੁਖੀ ਲਾਲੂ ਪ੍ਰਸਾਦ ਯਾਦਵ ਨੇ ਐਤਵਾਰ ਨੂੰ ਆਪਣੇ ਵੱਡੇ ਪੁੱਤਰ ਤੇਜਪ੍ਰਤਾਪ ਯਾਦਵ ਨੂੰ ਉਸ ਦੇ 'ਗ਼ੈਰਜ਼ਿੰਮੇਵਾਰਾਨਾ ਵਿਵਹਾਰ' ਕਾਰਨ ਪਾਰਟੀ 'ਚੋਂ ਕੱਢ ਦਿੱਤਾ ਹੈ ਅਤੇ ਉਸ ਨਾਲ ਪਰਿਵਾਰਕ ਸਬੰਧ ਵੀ ਤੋੜ ਲਏ ਹਨ। ਲਾਲੂ ਪ੍ਰਸਾਦ ਨੇ ਦੁਪਹਿਰ ਸਮੇਂ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਇਹ ਐਲਾਨ ਕੀਤਾ। ਲਾਲੂ ਪ੍ਰਸਾਦ ਨੇ ਕਿਹਾ, ''ਨਿੱਜੀ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਅਣਦੇਖੀ ਸਮਾਜਿਕ ਨਿਆਂ ਲਈ ਸਾਡੇ ਸਮੂਹਿਕ ਸੰਘਰਸ਼ ਨੂੰ ਕਮਜ਼ੋਰ ਕਰਦੀ ਹੈ। ਵੱਡੇ ਪੁੱਤਰ ਦੀਆਂ ਗਤੀਵਿਧੀਆਂ, ਜਨਤਕ ਆਚਰਨ ਅਤੇ ਗੈਰ-ਜ਼ਿੰਮੇਵਾਰਾਨਾ ਵਿਵਹਾਰ ਸਾਡੀਆਂ ਪਰਿਵਾਰਕ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਮੁਤਾਬਕ ਨਹੀਂ ਹਨ। ਉਪਰੋਕਤ ਹਰਕਤਾਂ ਕਾਰਨ ਮੈਂ ਉਸਨੂੰ ਪਾਰਟੀ ਅਤੇ ਪਰਿਵਾਰ ਤੋਂ ਕੱਢਦਾ ਹਾਂ। ਹੁਣ ਤੋਂ ਉਸਦੀ ਪਾਰਟੀ ਅਤੇ ਪਰਿਵਾਰ ਵਿੱਚ ਕਿਸੇ ਕਿਸਮ ਦੀ ਕੋਈ ਭੂਮਿਕਾ ਨਹੀਂ ਹੋਵੇਗੀ। ਉਸਨੂੰ ਛੇ ਸਾਲਾਂ ਲਈ ਪਾਰਟੀ ਵਿੱਚੋਂ ਕੱਢਿਆ ਜਾਂਦਾ ਹੈ।'' ਇਹ ਕਦਮ ਬਿਹਾਰ ਦੇ ਸਾਬਕਾ



ਮੰਤਰੀ ਤੇਜ ਪ੍ਰਤਾਪ ਯਾਦਵ ਵੱਲੋਂ ਇੱਕ ਫੇਸਬੁੱਕ ਪੋਸਟ 'ਤੇ ਇਹ ਕਹਿਣ ਮਗਰੋਂ ਚੁੱਕਿਆ ਗਿਆ ਕਿ ਉਹ ਇੱਕ ਔਰਤ ਨਾਲ 'ਰਿਲੇਸ਼ਨਸ਼ਿਪ ਵਿੱਚ' ਹੈ, ਪਰ ਬਾਅਦ ਵਿੱਚ ਦਾਅਵਾ ਕੀਤਾ ਗਿਆ ਕਿ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਉਸਦਾ ਖਾਤਾ 'ਹੈਕ' ਕੀਤਾ ਗਿਆ ਸੀ। ਹਾਲਾਂਕਿ, ਇਹ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਚੰਗਾ ਨਹੀਂ ਲੱਗਿਆ ਅਤੇ ਬਹੁਤ ਕਈ ਲੋਕਾਂ ਨੇ ਤੇਜ ਪ੍ਰਤਾਪ (37) ਨੂੰ ਉਸਦੇ ਸ਼ਾਦੀਸ਼ੁਦਾ ਹੋਣ ਬਾਰੇ ਯਾਦ ਕਰਵਾਇਆ, ਜੋ 2018 ਵਿੱਚ ਕਾਫ਼ੀ ਧੂਮਧਾਮ ਨਾਲ ਹੋਈ ਸੀ। ਤੇਜ ਪ੍ਰਤਾਪ ਨੇ ਸ਼ਨਿਚਰਵਾਰ ਰਾਤ ਨੂੰ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' 'ਤੇ ਜਾਰੀ ਇੱਕ ਪੋਸਟ ਵਿੱਚ ਕਿਹਾ, ''ਮੇਰੇ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਹੈਕ ਕਰ ਕੇ ਮੇਰੀਆਂ ਤਸਵੀਰਾਂ ਗਲਤ ਢੰਗ ਨਾਲ ਐਡਿਟ ਕਰ ਕੇ ਮੈਨੂੰ ਅਤੇ ਮੇਰੇ ਪਰਿਵਾਰਕ ਮੈਂਬਰਾਂ ਨੂੰ ਪ੍ਰੇਸ਼ਾਨ ਅਤੇ ਬਦਨਾਮ ਕੀਤਾ ਜਾ ਰਿਹਾ ਹੈ। ਮੈਂ ਆਪਣੇ ਸ਼ੁਭਚਿੰਤਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸਾਵਧਾਨ ਰਹਿਣ ਅਤੇ ਕਿਸੇ ਵੀ ਅਫਵਾਹ ਵੱਲ ਧਿਆਨ ਨਾ ਦੇਣ…'

## ਕੇਰਲ ਵਿੱਚ ਲਾਈਬੇਰੀਆ ਦਾ ਕਾਰਗੋ ਜਹਾਜ਼ ਡੁੱਬਿਆ, 24 ਚਾਲਕ ਦਲ ਦੇ ਮੈਂਬਰਾਂ ਨੂੰ ਬਚਾਇਆ





**ਕੋਚੀ।** ਲਾਈਬੇਰੀਆ ਦਾ ਕਾਰਗੋ ਜਹਾਜ਼ ਐੱਮਐੱਸਸੀ ਐਲਸਾ 3 ਕੇਰਲ ਦੇ ਕੋਚੀ ਤੱਟ ਤੋਂ ਡੁੱਬ ਗਿਆ। ਭਾਰਤੀ ਤੱਟ ਰੱਖਿਅਕ ਅਤੇ ਜਲ ਸੈਨਾ ਨੇ ਸਾਰੇ 24 ਚਾਲਕ ਦਲ ਦੇ ਮੈਂਬਰਾਂ ਨੂੰ ਬਚਾਇਆ। ਜਹਾਜ਼ 'ਤੇ ਲੱਦੇ 640 ਕੰਟੇਨਰਾਂ ਵਿੱਚ ਕੈਲਸ਼ੀਅਮ ਕਾਰਬਾਈਡ, ਡੀਜ਼ਲ, ਫਰਨੇਸ ਤੇਲ ਅਤੇ ਕੁਝ ਖਤਰਨਾਕ ਰਸਾਇਣ ਸਨ। 23 ਮਈ ਨੂੰ ਕੇਰਲ ਦੇ ਵਿਜ਼ਿੰਜਮ ਬੰਦਰਗਾਹ ਤੋਂ ਜਹਾਜ਼ ਕੋਚੀ ਲਈ ਰਵਾਨਾ ਹੋਇਆ। 24 ਮਈ ਨੂੰ ਦੁਪਹਿਰ 1:25 ਵਜੇ ਦੇ ਕਰੀਬ, ਕੋਚੀ ਤੱਟ ਤੋਂ 38 ਸਮੁੰਦਰੀ ਮੀਲ ਦੀ ਦੂਰੀ 'ਤੇ ਇਸ ਦੇ ਲਗਭਗ 26 ਡਿਗਰੀ ਝੁਕਣ ਦੀ ਰਿਪੋਰਟ ਮਿਲੀ। ਐਮਰਜੈਂਸੀ ਦੀ ਸੂਚਨਾ ਮਿਲਦੇ ਹੀ, ਕੋਚੀ ਵਿੱਚ ਦੇ ਮਰੀਨ ਰੈਸਕਿਊ ਸਬ ਸੈਂਟਰ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਦੇਰ ਸ਼ਾਮ ਤੱਕ, ਰੂਸ, ਯੂਕਰੇਨ, ਜਾਰਜੀਆ ਅਤੇ ਫਿਲੀਪੀਨਜ਼ ਦੇ 24 ਚਾਲਕ ਦਲ ਦੇ ਮੈਂਬਰਾਂ ਵਿੱਚੋਂ 21 ਨੂੰ ਬਚਾ ਲਿਆ ਗਿਆ। ਬਾਕੀ ਤਿੰਨ ਸੀਨੀਅਰ ਚਾਲਕ ਦਲ ਦੇ ਮੈਂਬਰ ਜਹਾਜ਼ ਨੂੰ ਡੁੱਬਣ ਤੋਂ ਰੋਕਣ ਦੀ ਕੋਸ਼ਿਸ਼ ਕਰਨ ਲਈ ਜਹਾਜ਼ 'ਤੇ ਹੀ ਰਹੇ। ਹਾਲਾਂਕਿ, ਜਹਾਜ਼ ਦਾ ਝੁਕਾਅ ਵਧਦਾ ਰਿਹਾ ਅਤੇ ਇਹ ਅੱਜ ਡੁੱਬ ਗਿਆ। ਜਲ ਸੈਨਾ ਦੇ ਜਹਾਜ਼ ਆਈਐੱਨਐੱਸ ਸੁਜਾਤਾ ਨੇ ਵੀ ਬਾਕੀ ਤਿੰਨ ਚਾਲਕ ਦਲ ਦੇ ਮੈਂਬਰਾਂ ਨੂੰ ਬਚਾਇਆ। ਜਹਾਜ਼ ਦੇ ਇੱਕ ਪਾਸੇ ਝੁਕਣ ਦਾ ਕਾਰਨ ਹਾਲੇ ਪਤਾ ਨਹੀਂ ਲੱਗਿਆ ਹੈ।

## ਬੰਗਲਾਦੇਸ਼ ਵਿੱਚ ਫੌਜ ਨੇ ਗਸ਼ਤ ਵਧਾਈ, 2 ਹਜ਼ਾਰ ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ

**ਢਾਕਾ।** ਬੰਗਲਾਦੇਸ਼ ਵਿੱਚ ਫੌਜ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗਸ਼ਤ ਵਧਾ ਦਿੱਤੀ ਹੈ। ਢਾਕਾ ਟ੍ਰਿਬਿਊਨ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫੌਜ ਨੇ ਪਿਛਲੇ ਕੁਝ ਦਿਨਾਂ ਵਿੱਚ ਆਪਣੀਆਂ ਕਾਰਵਾਈਆਂ ਤੇਜ਼ ਕਰ ਦਿੱਤੀਆਂ ਹਨ। ਰਿਪੋਰਟ ਅਨੁਸਾਰ, ਫੌਜ ਨੇ ਕਈ ਥਾਵਾਂ 'ਤੇ ਤਾਇਨਾਤੀ ਵੀ ਵਧਾ ਦਿੱਤੀ ਹੈ। ਦੇਸ਼ ਭਰ ਵਿੱਚ ਫੌਜੀ ਕਰਮਚਾਰੀ ਬਖਤਰਬੰਦ ਵਾਹਨਾਂ ਨਾਲ ਸਰਗਰਮ ਦਿਖਾਈ ਦੇ ਰਹੇ ਹਨ। ਫੌਜ ਨੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਏਜੰਸੀਆਂ ਨਾਲ ਮਿਲ ਕੇ ਪਿਛਲੇ ਮਹੀਨੇ 2 ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।

ਪਿਛਲੇ ਸਾਲ ਅਗਸਤ ਵਿੱਚ ਆਪਣੀ ਤਾਇਨਾਤੀ ਤੋਂ ਬਾਅਦ, ਫੌਜ ਨੇ ਹੁਣ ਤੱਕ 10,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ।



ਬੰਗਲਾਦੇਸ਼ ਵਿੱਚ ਚੱਲ ਰਹੇ ਰਾਜਨੀਤਿਕ ਉਥਲ-ਪੁਥਲ ਦੇ ਵਿਚਕਾਰ, ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਆਪਣੇ ਅਹੁਦੇ 'ਤੇ ਬਣੇ ਰਹਿਣਗੇ। ਪਹਿਲਾਂ ਇਹ ਮੰਨਿਆ ਜਾ ਰਿਹਾ ਸੀ ਕਿ ਉਹ ਰਾਜਨੀਤਿਕ ਅਤੇ ਫੌਜੀ ਦਬਾਅ ਕਾਰਨ ਅਸਤੀਫਾ ਦੇ ਸਕਦੇ ਹਨ।

ਮੁਹੰਮਦ ਯੂਨਸ ਨੇ ਸਲਾਹਕ-ਾਰ ਪ੍ਰੀਸ਼ਦ ਦੀ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਤੋਂ ਬਾਅਦ, ਯੋਜਨਾ ਸਲਾਹਕਾਰ ਵਹੀਦੁਦੀਨ ਮਹਿਮੂਦ ਨੇ ਕਿਹਾ - ਮੁਹੰਮਦ ਯੂਨਸ ਸਾਡੇ ਨਾਲ ਰਹਿਣਗੇ। ਉਨ੍ਹਾਂ ਕਿਹਾ ਕਿ ਸਾਨੂੰ ਨਵੀਆਂ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ ਹਨ। ਨਿਊਜ਼ ਏਜੰਸੀ ਯੂਐੱਨਬੀ ਅਨੁਸਾਰ, ਸਲਾਹਕਾਰ ਪ੍ਰੀਸ਼ਦ ਦੀ ਮੀਟਿੰਗ ਤੋਂ ਬਾਅਦ, ਮੰਤਰੀਆਂ ਨਾਲ ਇੱਕ ਮੀਟਿੰਗ ਜਲਦੀ ਹੀ ਹੋਵੇਗੀ। ਇਸ ਦੇ ਨਾਲ ਹੀ, ਫੌਜ ਮੁਖੀ ਵਕਾਰ-ਉਜ਼-ਜ਼ਮਾਨ ਨੇ ਸਪੱਸ਼ਟ ਤੌਰ 'ਤੇ ਦਸੰਬਰ ਤੱਕ ਚੋਣਾਂ ਕਰਵਾਉਣ ਦਾ ਅਲਟੀਮੇਟਮ ਦਿੱਤਾ ਹੈ। ਦੂਜੇ ਪਾਸੇ, ਵਿਰੋਧੀ ਪਾਰਟੀਆਂ ਬੀਐੱਨਪੀ ਅਤੇ ਜਮਾਤ-ਏ-ਇਸਲਾਮੀ ਵਿਚਕਾਰ ਚੋਣਾਂ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ ਅਤੇ ਸੜਕਾਂ 'ਤੇ ਸੰਘਰਸ਼ ਲਈ ਰਣਨੀਤੀਆਂ ਬਣਾਈਆਂ ਜਾ ਰਹੀਆਂ ਹਨ।

# ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦਾ ਐਲਾਨ, 19 ਜੂਨ ਨੂੰ ਪੈਣਗੀਆਂ ਵੋਟਾਂ

**ਲੁਧਿਆਣਾ।** ਪੰਜਾਬ ਦੀ ਰਾਜਨੀਤੀ ਇੱਕ ਵਾਰ ਫਿਰ ਗਰਮਾਉਣ ਲਈ ਤਿਆਰ ਹੈ। ਚੋਣ ਕਮਿਸ਼ਨ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਹੈ। ਇਹ ਚੋਣ ਸੂਬੇ ਦੀ ਰਾਜਨੀਤੀ ਵਿੱਚ ਕਈ ਸਮੀਕਰਨ ਬਦਲ ਸਕਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਕਰਵਾਉਣ ਲਈ ਸਾਰੀਆਂ ਲੋੜੀਂਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੁਰੱਖਿਆ ਪ੍ਰਬੰਧਾਂ ਸਬੰਧੀ ਵੀ ਇੱਕ ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਚੋਣ ਕਮਿਸ਼ਨ ਵੱਲੋਂ ਜਾਰੀ ਸ਼ਡਿਊਲ ਅਨੁਸਾਰ, ਲੁਧਿਆਣਾ ਪੱਛਮੀ ਵਿੱਚ ਵੋਟਾਂ 19 ਜੂਨ, 2025 ਨੂੰ ਪੈਣਗੀਆਂ। ਵੋਟਿੰਗ ਪ੍ਰਕਿਰਿਆ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲੇਗੀ। ਵੋਟਾਂ ਦੀ ਗਿਣਤੀ 23 ਜੂਨ, 2025 ਨੂੰ ਹੋਵੇਗੀ ਅਤੇ ਨਤੀਜੇ ਉਸੇ ਦਿਨ ਘੋਸ਼ਿਤ ਕੀਤੇ ਜਾਣਗੇ। ਕੱਲ੍ਹ ਤੋਂ



ਨਾਮਜ਼ਦਗੀਆਂ ਦਾ ਦੌਰ ਸ਼ੁਰੂ ਹੋ ਜਾਵੇਗਾ। ਜ਼ਿਮਨੀ ਚੋਣ ਲਈ ਨਾਮਜ਼ਦਗੀਆਂ 2 ਜੂਨ ਤੱਕ ਭਰੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਜਾਂਚ 3 ਜੂਨ ਨੂੰ ਕੀਤੀ ਜਾਵੇਗੀ ਅਤੇ ਨਾਮਜ਼ਦਗੀਆਂ 5 ਜੂਨ ਤੱਕ ਵਾਪਸ ਲਈਆਂ ਜਾ ਸਕਦੀਆਂ ਹਨ। ਇਨ੍ਹਾਂ ਸੀਟਾਂ ਲਈ ਵੋਟਿੰਗ 19 ਜੂਨ ਨੂੰ ਹੋਵੇਗੀ ਅਤੇ ਵੋਟਾਂ ਦੀ ਗਿਣਤੀ 23 ਜੂਨ ਨੂੰ ਕੀਤੀ ਜਾਵੇਗੀ। ਇਹ ਸੀਟ ਲੁਧਿਆਣਾ ਪੱਛਮੀ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਮੌਤ ਤੋਂ ਬਾਅਦ ਖਾਲੀ ਹੈ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੇ ਐਲਾਨ ਤੋਂ ਪਹਿਲਾਂ ਹੀ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਸੀ। 'ਆਪ' ਨੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ 'ਤੇ ਆਪਣਾ ਦਾਅ ਲਗਾਇਆ ਹੈ। ਇਸ ਦੇ ਨਾਲ ਹੀ ਕਾਂਗਰਸ ਨੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਆਸ਼ੂ ਇਸ ਸੀਟ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਇਸ ਹਲਕੇ ਵਿੱਚ ਉਨ੍ਹਾਂ ਦਾ ਬਹੁਤ ਚੰਗਾ ਪ੍ਰਭਾਵ ਸੀ ਪਰ ਉਹ 2022 ਵਿੱਚ 'ਆਪ' ਲਹਿਰ ਅੱਗੇ ਟਿਕ ਨਹੀਂ ਸਕੇ। ਸ਼੍ਰੋਮਣੀ ਅਕਾਲੀ ਦਲ ਨੇ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਘੁੰਮਣ ਪੇਸ਼ੇ ਤੋਂ ਵਕੀਲ ਹਨ। ਇਸ ਦੇ ਨਾਲ ਹੀ, ਭਾਜਪਾ ਨੇ ਅਜੇ ਤੱਕ ਇੱਥੇ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ।

## ਅੰਮ੍ਰਿਤਸਰ 'ਚ ਅਕਾਲੀ ਕੌਂਸਲਰ ਹਰਜਿੰਦਰ ਸਿੰਘ ਬਾਹਮਣ 'ਤੇ ਚੱਲੀਆਂ ਗੋਲੀਆਂ, ਮੌਤ



**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਹਲਕਾ ਜੰਡਿਆਲਾ ਗੁਰੂ ਦੇ ਦੋ ਨੰਬਰ ਵਾਰਡ ਕੌਂਸਲਰ ਦੇ ਸ਼ਰੇਆਮ ਦਿਨ ਦਿਹਾੜੇ ਗੋਲੀਆਂ ਚੱਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਹ ਘਟਨਾ ਅੰਮ੍ਰਿਤਸਰ ਦੇ ਇਤਿਹਾਸਿਕ ਨਗਰ ਛੇਹਰਟਾ ਦੇ ਵਿੱਚ ਦਿਨ ਦਿਹਾੜੇ ਵਾਪਰੀ ਹੈ। ਅਪਛਾਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਹਮਲਾਵਾਰਾਂ ਨੇ ਤਾਬੜ ਤੋੜ ਗੋਲੀਆਂ ਚਲਾਈਆਂ ਹਨ। ਕੌਂਸਲਰ ਦੇ 3 ਤੋਂ 4 ਗੋਲੀਆਂ ਵੱਜੀਆਂ, ਹਸਪਤਾਲ 'ਚ ਇਲਾਜ ਦੌਰਾਨ ਕੌਂਸਲਰ ਦੀ ਮੌਤ ਹੋ ਗਈ ਹੈ। ਮੋਟਰਸਾਈਕਲ ਤੇ ਸਵਾਰ ਹੋ ਕੇ ਆਏ ਸਨ ਦੋ ਹਮਲਾਵਰ, ਇੱਕ ਨੇ ਮੋਟਰਸਾਈਕਲ ਸਟਾਰਟ ਰੱਖਿਆ ਤੇ ਦੂਸਰੇ ਨੇ ਤਾਬੜ ਤੋੜ ਗੋਲੀਆਂ ਚਲਾਈਆਂ। ਕੌਂਸਲਰ ਦਾ ਨਾਮ ਹਰਜਿੰਦਰ ਸਿੰਘ ਬਾਹਮਣ ਜੰਡਿਆਲਾ ਗੁਰੂ ਦਾ ਦੱਸਿਆ ਜਾ ਰਿਹਾ ਹੈ। ਪੁਲਿਸ ਜਾਂਚ ਕਰ ਰਹੀ ਹੈ। ਘਟਨਾ ਦਾ ਪਤਾ ਚੱਲਣ ਤੇ ਪਰਿਵਾਰਕ ਮੈਂਬਰਾਂ ਦਾ ਰੋ -ਰੋ ਕੇ ਬੁਰਾ ਹਾਲ ਹੈ। ਜੰਡਿਆਲਾ ਗੁਰੂ ਦੇ ਮਹੱਲਾ ਸ਼ੇਖੂਪੁਰਾ ਦੇ ਵਿੱਚ ਮਾਤਮ ਛਾਇਆ ਹੋਇਆ ਹੈ। ਅਣਪਛਾਤੇ ਵਿਅਕਤੀਆਂ ਵੱਲੋਂ ਕੌਂਸਲਰ ਹਰਜਿੰਦਰ ਬਾਹਮਣ ਨੂੰ ਅੰਮ੍ਰਿਤਸਰ ਵਿੱਚ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਗਿਆ ਹੈ। ਮ੍ਰਿਤਕ ਕੌਂਸਲਰ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਘਰ ਪਹੁੰਚ ਰਹੇ ਹਨ। ਕਰੀਬ 13 ਦਿਨ ਪਹਿਲਾਂ 20 ਕੌਂਸਲਰ ਦੇ ਘਰ ਉੱਤੇ ਹਮਲਾ ਕੀਤਾ ਗਿਆ ਸੀ। ਅਣਪਛਾਤੇ ਵਿਅਕਤੀਆਂ ਨੇ ਕੌਂਸਲਰ ਦੇ ਘਰ 'ਤੇ ਗੋਲੀਆਂ ਚਲਾਈਆਂ ਸੀ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਬਠਿੰਡਾ ਵਿਚ ਵਿਸ਼ਾਲ ਮੈਡੀਕਲ ਕੈਂਪ

**ਪਿੰਡ ਮੱਲਵਾਲਾ ਵਿਖੇ ਜਲਦ ਸ਼ੁਰੂ ਹੋਵੇਗੀ ਟਰੱਸਟ ਦੀ ਲੈਬੋਰੇਟਰੀ - ਪ੍ਰੋ. ਜੇ.ਐਸ. ਬਰਾੜ**



ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ ਅਤੇ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵਲੋਂ ਵਾਰਡ ਨੰਬਰ 48 ਰਾਜੀਵ ਗਾਂਧੀ ਨਗਰ ਬਠਿੰਡਾ ਵਿਖੇ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸ. ਅਮਰਜੀਤ ਸਿੰਘ ਮਹਿਤਾ ਪ੍ਰਧਾਨ ਪੰਜਾਬ ਕ੍ਰਿਕਟ ਐਸੋਸੀਏਸ਼ਨ ਵਲੋਂ ਕੀਤਾ ਗਿਆ। ਇਸ ਵਿਚ ਪ੍ਰੈਗਮਾ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਦੇ ਮਾਹਿਰ ਡਾਕਟਰਾਂ ਵਲੋਂ ਮਰੀਜਾਂ ਦਾ ਚੈਕਅੱਪ ਕੀਤਾ ਗਿਆ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਮਰੀਜਾਂ ਨੂੰ ਸਾਰੀਆਂ ਦਵਾਈਆਂ ਮੁਫਤ ਦਿੱਤੀਆਂ ਗਈਆਂ। ਸਿਪਲਾ ਕੰਪਨੀ ਵਲੋਂ ਫੇਫੜਿਆਂ ਦੀ ਜਾਂਚ ਦਾ ਸਫੈਰੋਮੀਟਰੀ ਟੈਸਟ ਮੁਫਤ ਕੀਤਾ ਗਿਆ। ਪੱਤਰਕਾਰਾਂ ਦਾ ਗੱਲਬਾਤ ਕਰਦਿਆਂ ਸ. ਅਮਰਜੀਤ ਸਿੰਘ ਮਹਿਤਾ ਨੇ ਡਾ. ਐਸ.ਪੀ. ਸਿੰਘ ਓਪਰਾਏ, ਜਿਲ੍ਹਾ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਅਤੇ ਸਰਬੱਤ ਦਾ ਭਲਾ ਦੀ ਪੂਰੀ ਬਠਿੰਡਾ ਟੀਮ ਦਾ ਧੰਨਵਾਦ ਕੀਤਾ। ਅਮਰਜੀਤ ਸਿੰਘ ਮਹਿਤਾ ਵਲੋਂ ਸਮੁੱਚੀ ਡਾਕਟਰਾਂ ਦੀ ਟੀਮ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਜਿਲ੍ਹਾ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਟਰੱਸਟ ਵਲੋਂ ਹਰ 15 ਦਿਨਾਂ ਬਾਅਦ ਇਸ ਤਰ੍ਹਾਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ। ਟਰੱਸਟ ਵਲੋਂ ਬਠਿੰਡਾ ਜਿਲ੍ਹੇ ਵਿਚ ਹਰ ਮਹੀਨੇ ਲਗਭਗ 300 ਲੋੜਵੰਦ ਲੋਕਾਂ ਨੂੰ 750 ਰੁ. ਤੋਂ ਲੈ ਕੇ 3000 ਰੁ. ਤੱਕ ਪੈਨਸ਼ਨ ਦਿੱਤੀ ਜਾਂਦੀ ਹੈ। ਸਰਕਾਰੀ ਸਕੂਲਾਂ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕਰਨ ਲਈ [illegible] ਦਾਨ ਵਜੋਂ ਦਿੱਤੇ ਜਾ ਰਹੇ ਹਨ। ਇਸ ਟਰੱਸਟ ਦੀ ਖਾਸੀਅਤ ਇਹ ਹੈ ਕਿ ਟਰੱਸਟ ਵਲੋਂ ਕਿਸੇ ਤੋਂ 1 ਰੁ. ਵੀ ਦਾਨ ਵਜੋਂ ਨਹੀਂ ਲਿਆ ਜਾਂਦਾ। ਸਾਰਾ ਖਰਚਾ ਡਾ. ਐਸ.ਪੀ. ਸਿੰਘ ਓਬਰਾਏ ਆਪਣੀ ਨੇਕ ਕਮਾਈ ਵਿਚੋਂ ਕਰ ਰਹੇ ਹਨ। ਟਰੱਸਟ ਵਜੋਂ ਜਲਦ ਹੀ ਪਿੰਡ ਮੱਲਵਾਲਾ ਜਿਲ੍ਹਾ ਬਠਿੰਡਾ ਵਿਖੇ ਲੈਬੋਰੇਟਰੀ ਬਣਨ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਤੋਂ ਪਹਿਲਾ ਬਠਿੰਡਾ ਜਿਲ੍ਹੇ ਦੇ ਵੱਖ-ਵੱਖ ਸਥਾਨਾ ਤੇ 7 ਲੈਬੋਰੇਟਰੀ ਕੰਮ ਕਰ ਰਹੀਆਂ ਹਨ। ਜਿੱਥੇ ਮਾਰਕੀਟ ਰੇਟ ਦੇ 10ਵੇਂ ਹਿੱਸੇ ਤੇ ਟੈਸਟ ਕੀਤੇ ਜਾਂਦੇ ਹਨ। ਟਰੱਸਟ ਵਲੋਂ ਜਲਦ ਹੀ ਪਿੰਡ ਬੱਲੋ ਵਿਖੇ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਜਨਰਲ ਸੈਕਟਰੀ ਅਮਰਜੀਤ ਸਿੰਘ, ਕੈਸ਼ੀਅਰ ਬਲਦੇਵ ਸਿੰਘ ਅਤੇ ਮੈਂਬਰ ਸ. ਸੁਰਿੰਦਰ ਸਿੰਘ ਧਾਲੀਵਾਲ, ਜੰਟਾ ਸਿੰਘ, ਛਿੰਦਰ ਕੌਰ, ਗੁਰਪਿਆਰ ਸਿੰਘ, ਜੋਗਿੰਦਰ ਸਿੰਘ, ਮੈਨੇਜਰ ਗੁਰਤੇਜ ਸਿੰਘ ਸਿੱਧੂ, ਬਲਜੀਤ ਸਿੰਘ ਨਰੂਆਣਾ ਹਾਜਰ ਸਨ। ਕੈਂਪ ਦੀ ਸਮਾਪਤੀ ਤੇ ਜਿਲ੍ਹਾ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਸ. ਅਮਰਜੀਤ ਸਿੰਘ ਮਹਿਤਾ, ਮੇਅਰ ਸ. ਪਦਮਜੀਤ ਸਿੰਘ ਮਹਿਤਾ, ਸਮੁੱਚੀ ਪ੍ਰੈਗਮਾ ਹਸਪਤਾਲ ਦੀ ਟੀਮ ਅਤੇ ਸਮੁੱਚੀ ਸਿਪਲਾ ਟੀਮ ਦਾ ਧੰਨਵਾਦ ਕੀਤਾ।

## ਹਿਮਾਚਲ ਦੇ ਕੁੱਲੂ ਵਿੱਚ ਫਟਿਆ ਬੱਦਲ, ਨੁਕਸਾਨੇ ਗਏ ਕਈ ਵਾਹਨ



**ਹਿਮਾਚਲ।** ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿੱਚ ਤੇਜ਼ ਤੂਫਾਨ ਦੇ ਨਾਲ ਭਾਰੀ ਮੀਂਹ ਪਿਆ। ਮੋਹਲੇਧਾਰ ਮੀਂਹ ਕਾਰਨ ਨਾਲੇ ਵਿੱਚ ਅਚਾਨਕ ਪਾਣੀ ਭਰ ਗਿਆ ਜਿਸ ਕਾਰਨ 20 ਤੋਂ 25 ਵਾਹਨ ਵਹਿ ਗਏ। ਇਹ ਵਾਹਨ ਸੜਕ ਕਿਨਾਰੇ ਖੜ੍ਹੇ ਸਨ।
ਨਿਰਮਦ ਸਬ ਡਿਵੀਜ਼ਨਲ ਮੈਜਿਸਟ੍ਰੇਟ ਮਨਮੋਹਨ ਸਿੰਘ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਜਗਤ ਖਾਨਾ ਖੇਤਰ ਦੇ ਨੇੜੇ ਸਥਿਤ ਸੁੱਕੇ ਨਾਲੇ ਵਿੱਚ ਪਾਣੀ ਦਾ ਤੇਜ਼ ਵਹਾਅ ਸੀ। ਜਿਸ ਕਾਰਨ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ। ਇਸ ਘਟਨਾ ਵਿੱਚ ਸੜਕ ਕਿਨਾਰੇ ਖੜ੍ਹੇ ਕਈ ਵਾਹਨ ਰੁੜ੍ਹ ਗਏ ਅਤੇ ਮਲਬੇ ਨਾਲ ਢੱਕ ਗਏ। ਇਸ ਹਾਦਸੇ ਨਾਲ ਸਬੰਧਤ ਕਈ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵੀ ਸਾਹਮਣੇ ਆ ਰਹੇ ਹਨ। ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਵਾਹਨ ਪਾਣੀ ਅਤੇ ਮਲਬੇ ਦੇ ਹੜ੍ਹ ਵਿੱਚ ਤੈਰ ਰਹੇ ਹਨ। ਸਤਲੁਜ ਦਰਿਆ ਦਾ ਪਾਣੀ ਦਾ ਪੱਧਰ ਵੀ ਉੱਚਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਹੁਣ ਹਰਿਆਣਾ ਦੇ ਭਾਜਪਾ ਸੰਸਦ ਮੈਂਬਰ ਦੇ ਵਿਗੜੇ ਬੋਲ, ਕਿਹਾ

## ''ਜਿਨ੍ਹਾਂ ਔਰਤਾਂ ਨੇ ਆਪਣੇ ਪਤੀ ਗੁਆਏ, ਉਨ੍ਹਾਂ ਵਿੱਚ ਬਹਾਦਰ ਔਰਤਾਂ ਵਾਲਾ ਜਜ਼ਬਾ ਨਹੀਂ ਸੀ, ਇਸ ਲਈ 26 ਲੋਕਾਂ ਦੀ ਮੌਤ ਹੋਈ''

**ਹਰਿਆਣਾ।** ਹੁਣ ਹਰਿਆਣਾ ਤੋਂ ਭਾਜਪਾ ਦੇ ਰਾਜ ਸਭਾ ਮੈਂਬਰ ਰਾਮਚੰਦਰ ਜਾਂਗੜਾ ਨੇ ਪਹਿਲਗਾਮ ਅਤਿਵਾਦੀ ਹਮਲੇ 'ਤੇ ਵਿਵਾਦਤ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਔਰਤਾਂ ਨੇ ਆਪਣੇ ਪਤੀ ਗੁਆਏ, ਉਨ੍ਹਾਂ ਵਿੱਚ ਇੱਕ ਨਾਇਕਾ ਵਾਲੀ ਭਾਵਨਾ ਅਤੇ ਜਨੂੰਨ ਨਹੀਂ ਸੀ, ਅਤੇ ਇਸ ਲਈ 26 ਲੋਕ ਗੋਲੀਆਂ ਦਾ ਸ਼ਿਕਾਰ ਹੋਏ। ਸੰਸਦ ਮੈਂਬਰ ਨੇ ਕਿਹਾ ਕਿ ਸੈਲਾਨੀਆਂ ਨੂੰ ਹੱਥ ਜੋੜ ਕੇ ਮਾਰਿਆ ਗਿਆ ਸੀ। ਜੇਕਰ ਅਸੀਂ ਪ੍ਰਧਾਨ ਮੰਤਰੀ ਦੀ ਯੋਜਨਾ ਅਨੁਸਾਰ ਸਿਖਲਾਈ ਲਈ ਹੁੰਦੀ ਅਤੇ ਸਥਿਤੀ ਦਾ ਸਾਹਮਣਾ ਕੀਤਾ ਹੁੰਦਾ, ਤਾਂ ਇੰਨੀਆਂ ਮੌਤਾਂ ਨਾ ਹੁੰਦੀਆਂ। ਉਹ ਸ਼ਨੀਵਾਰ ਨੂੰ ਭਿਵਾਨੀ ਦੇ ਪੰਚਾਇਤ ਭਵਨ ਵਿਖੇ ਆਯੋਜਿਤ ਅਹਿਲਿਆਬਾਈ ਹੋਲਕਰ ਤ੍ਰਿਸ਼ਤਾਬਦੀ ਯਾਦਗਾਰੀ ਮੁਹਿੰਮ ਜ਼ਿਲ੍ਹਾ ਸੈਮੀਨਾਰ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ।



ਜਾਂਗੜਾ ਨੇ ਕਿਹਾ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੌਜਵਾਨਾਂ ਵਿੱਚ ਬਹਾਦਰੀ ਦੀ ਭਾਵਨਾ ਪੈਦਾ ਕਰਨ ਲਈ ਇੱਕ ਬਹੁਤ ਵੱਡੀ ਯੋਜਨਾ (ਅਗਨੀਵੀਰ) ਸ਼ੁਰੂ ਕੀਤੀ। ਪਹਿਲਗਾਮ ਹਮਲੇ ਤੋਂ ਬਾਅਦ, ਪੂਰਾ ਦੇਸ਼ ਇਹ ਮਹਿਸੂਸ ਕਰ ਰਿਹਾ ਹੈ ਕਿ ਜੇਕਰ ਸੈਲਾਨੀਆਂ ਨੂੰ ਉਹ ਸਿਖਲਾਈ ਦਿੱਤੀ ਜਾਂਦੀ ਜੋ ਮੋਦੀ ਦੇਸ਼ ਦੇ ਨੌਜਵਾਨਾਂ ਨੂੰ ਦੇਣਾ ਚਾਹੁੰਦੇ ਹਨ, ਤਾਂ 3 ਅਤਿਵਾਦੀ 26 ਲੋਕਾਂ ਨੂੰ ਨਾ ਮਾਰ ਸਕਦੇ।

ਜੇਕਰ ਯਾਤਰੀਆਂ ਦੇ ਹੱਥਾਂ ਵਿੱਚ ਡੰਡੇ, ਰਾਡ ਜਾਂ ਕੁਝ ਵੀ ਹੁੰਦਾ ਅਤੇ ਉਹ ਚਾਰੇ ਪਾਸਿਓਂ ਅਤਿਵਾਦੀਆਂ ਵੱਲ ਭੱਜਦੇ, ਤਾਂ ਮੇਰਾ ਦਾਅਵਾ ਹੈ ਕਿ ਸ਼ਾਇਦ ਸਿਰਫ਼ 5 ਜਾਂ 6 ਲੋਕ ਹੀ ਮਾਰੇ ਜਾਂਦੇ, ਪਰ ਤਿੰਨੋਂ ਅਤਿਵਾਦੀ ਵੀ ਮਾਰੇ ਜਾਂਦੇ।

# ਭਾਜਪਾ ਆਗੂ ਰਾਮ ਚੰਦਰ ਜਾਂਗੜਾ ਦੇ ਵਿਵਾਦਮਈ ਬਿਆਨ ਦਾ ਮਾਮਲਾ, ਕਾਂਗਰਸ ਨੇ ਪ੍ਰਧਾਨ ਮੰਤਰੀ ਕੋਲੋਂ ਮੁਆਫ਼ੀ ਦੀ ਮੰਗ ਕੀਤੀ

**ਨਵੀਂ ਦਿਲੀ।** ਕਾਂਗਰਸ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਸੰਸਦ ਮੈਂਬਰ ਰਾਮ ਚੰਦਰ ਜਾਂਗੜਾ ਦੀ ਉਸ ਟਿਪਣੀ ’ਤੇ ਸਖ਼ਤ ਇਤਰਾਜ਼ ਜਤਾਇਆ ਹੈ, ਜਿਸ ’ਚ ਉਨ੍ਹਾਂ ਨੇ ਕਿਹਾ ਸੀ ਕਿ ਸੈਲਾਨੀਆਂ ਨੂੰ ਪਹਿਲਗਾਮ ’ਚ ਅਤਿਵਾਦੀਆਂ ਦਾ ਮੁਕਾਬਲਾ ਕਰਨਾ ਚਾਹੀਦਾ ਸੀ। ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲੋਂ ਇਸ ਮਾਮਲੇ ’ਚ ਮੁਆਫੀ ਦੀ ਮੰਗ ਕੀਤੀ ਸੀ। ਵਿਰੋਧੀ ਪਾਰਟੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਭਾਜਪਾ ਲੀਡਰਸ਼ਿਪ ਦੀ ਚੁੱਪੀ ਨੂੰ ਜਾਂਗੜਾ ਦੇ ਬਿਆਨ ਦੀ ਮੂਕ ਪ੍ਰਵਾਨਗੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਪਾਰਟੀ ਦੇ ਮੁਖੀ ਮਲਿਕਾਰਜੁਨ ਖੜਗੇ ਨੇ ਦਾਅਵਾ ਕੀਤਾ ਕਿ ਭਾਜਪਾ ਨੇਤਾ ਪਹਿਲਗਾਮ ਪੀੜਤਾਂ ਅਤੇ ਹਥਿਆਰਬੰਦ ਬਲਾਂ ਨੂੰ ਬਦਨਾਮ ਕਰਨ ਲਈ ਇਕ-ਦੂਜੇ ਨਾਲ ਮੁਕਾਬਲਾ ਕਰ ਰਹੇ ਹਨ। ਜਾਂਗੜਾ ਦੀ ਟਿਪਣੀ ਨੂੰ ਕਾਂਗਰਸ ਭਾਜਪਾ ਨੇਤਾਵਾਂ ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਅਤੇ ਸੂਬੇ ਦੇ ਉਪ ਮੁੱਖ ਮੰਤਰੀ ਜਗਦੀਸ਼ ਦੇਵੜਾ ਵਲੋਂ ਹਾਲ ਹੀ ’ਚ ਕੀਤੀਆਂ ਗਈਆਂ ਨਿੰਦਣਯੋਗ ਟਿਪਣੀਆਂ ਦੀ ਲੜੀ ਵਜੋਂ ਵੇਖ ਰਹੀ ਹੈ। ਕਾਂਗਰਸ ਨੇ ਦਾਅਵਾ ਕੀਤਾ ਕਿ ਦੇਵੜਾ ਨੇ ਕਿਹਾ ਸੀ ਕਿ ਪੂਰੀ ਭਾਰਤੀ ਫੌਜ ਅਤੇ ਬਹਾਦਰ ਸੈਨਿਕ ਮੋਦੀ ਦੇ ਚਰਨਾਂ ਵਿਚ ਝੁਕ ਰਹੇ ਹਨ, ਜਦਕਿ ਸ਼ਾਹ ਨੂੰ ਪਹਿਲਗਾਮ ਹਮਲੇ ਪਿੱਛੇ ਅਤਿਵਾਦੀਆਂ ਦੇ ਧਰਮ ਨੂੰ ਕਰਨਲ ਸੋਫੀਆ ਕੁਰੈਸ਼ੀ ਨਾਲ ਜੋੜਨ ਵਾਲੀ ਟਿਪਣੀ ਤੋਂ ਬਾਅਦ ਮੁਆਫੀ ਮੰਗਣੀ ਪਈ। ਕਰਨਲ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਨੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਆਪਰੇਸ਼ਨ ਸੰਧੂਰ ਬਾਰੇ ਮੀਡੀਆ ਨੂੰ ਜਾਣਕਾਰੀ ਦਿਤੀ ਸੀ। ਖੜਗੇ ਨੇ ਕਿਹਾ ਕਿ ਭਾਜਪਾ ਦੇ ਰਾਜ ਸਭਾ ਮੈਂਬਰ ਰਾਮ ਚੰਦਰ ਜਾਂਗੜਾ ਦੇ ਸ਼ਰਮਨਾਕ ਬਿਆਨ ਨੇ ਇਕ ਵਾਰ ਫਿਰ ਆਰ.ਐਸ.ਐਸ.-ਭਾਜਪਾ ਦੀ ਘਟੀਆ ਮਾਨਸਿਕਤਾ ਦਾ ਪਰਦਾਫਾਸ਼ ਕੀਤਾ ਹੈ।



# ਅਤਿਵਾਦ ਪਾਕਿਸਤਾਨ ਤੋਂ ਸ਼ੁਰੂ ਹੁੰਦਾ ਹੈ, ਅਗਲੀ ਵਾਰ ਜੇਕਰ ਪਾਕਿਸਤਾਨ ਨੇ ਹਮਲਾ ਕੀਤਾ ਤਾਂ ਉਮੀਦ ਤੋਂ ਪਰ੍ਹੇ ਜਵਾਬ ਦੇਵਾਂਗੇ-ਓਵੈਸੀ

**ਨਵੀਂ ਦਿਲੀ।** ਏਆਈਐਮਆਈਐਮ ਦੇ ਮੁਖੀ ਅਸਦੁਦੀਨ ਓਵੈਸੀ, ਜੋ ਬਹਿਰੀਨ ਪਹੁੰਚੇ ਵਫ਼ਦ ਦਾ ਹਿੱਸਾ ਹਨ, ਨੇ ਕਿਹਾ - ਸਾਡੀ ਸਰਕਾਰ ਨੇ ਸਾਨੂੰ ਇੱਥੇ ਇਸ ਲਈ ਭੇਜਿਆ ਹੈ ਤਾਂ ਜੋ ਦੁਨੀਆ ਜਾਣ ਸਕੇ ਕਿ ਭਾਰਤ ਕਿੰਨੇ ਸਾਲਾਂ ਤੋਂ ਅਤਿਵਾਦ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ - ਅਤਿਵਾਦ ਦੀ ਇਹ ਸਮੱਸਿਆ ਪਾਕਿਸਤਾਨ ਤੋਂ ਸ਼ੁਰੂ ਹੁੰਦੀ ਹੈ। ਇਹ ਉਦੋਂ ਤੱਕ ਖ਼ਤਮ ਨਹੀਂ ਹੋਵ-ੇਗਾ ਜਦੋਂ ਤੱਕ ਪਾਕਿਸਤਾਨ ਇਨ੍ਹਾਂ ਅਤਿਵਾਦੀ ਸਮੂਹਾਂ ਨੂੰ ਉਤਸ਼ਾਹਿਤ ਕਰਨਾ, ਸਹਾਇਤਾ ਕਰਨਾ ਅਤੇ ਸਮਰਥਨ ਦੇਣਾ ਬੰਦ ਨਹੀਂ ਕਰਦਾ। ਓਵੈਸੀ ਨੇ ਕਿਹਾ- ਸਾਡੀ ਸਰਕਾਰ ਨੇ ਹਰ ਭਾਰਤੀ ਦੀ ਜਾਨ ਬਚਾਉਣ ਲਈ ਕਦਮ ਚੁੱਕੇ ਹਨ। ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਪਾਕਿਸਤਾਨ ਦੁਬਾਰਾ ਅਜਿਹਾ ਕੁਝ ਕਰਨ ਦੀ ਹਿੰਮਤ ਕਰਦਾ ਹੈ, ਤਾਂ ਜਵਾਬ ਉਨ੍ਹਾਂ ਦੀਆਂ ਉਮੀਦਾਂ ਤੋਂ ਪਰੇ ਹੋਵੇਗਾ। ਏਆਈਐਮਆਈਐਮ ਮੁਖੀ ਨੇ ਕਿਹਾ- ਸਾਡੇ ਦੇਸ਼ ਵਿੱਚ ਇਕਜੁਟਤਾ ਹੈ। ਸਾਡੇ ਵਿੱਚ ਰਾਜਨੀਤਿਕ ਮਤਭੇਦ ਹੋ ਸਕਦੇ ਹਨ, ਪਰ ਜਦੋਂ ਦੇਸ਼ ਦੀ ਏਕਤਾ ਦੀ ਗੱਲ ਆਉਂਦੀ ਹੈ, ਤਾਂ ਅਸੀਂ ਸਾਰੇ ਇਕੱਠੇ ਖੜ੍ਹੇ ਹੁੰਦੇ ਹਾਂ। ਓਵੈਸੀ ਨੇ ਬਹਿਰੀਨ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪਾਕਿ-ਸਤਾਨ ਨੂੰ ਦੁਬਾਰਾ ਢਅਠਢ (ਵਿੱਤੀ ਐਕਸ਼ਨ ਟਾਸਕ ਫੋਰਸ) ਦੀ ਗ੍ਰੇ ਸੂਚੀ ਵਿੱਚ ਪਾਉਣ ਵਿੱਚ ਭਾਰਤ ਦੀ ਮਦਦ ਕਰੇ ਕਿਉਂਕਿ ਉੱਥੋਂ ਦਾ ਪੈਸਾ ਅਤਿਵਾਦੀਆਂ ਦੀ ਮਦਦ ਲਈ ਵਰਤਿਆ ਗਿਆ ਹੈ। ਭਾਰਤ ਦੇ ਸਾਰੇ 7 ਵਫ਼ਦ ਆਪ੍ਰੇਸ਼ਨ ਸਿੰਦੂਰ ਬਾਰੇ ਜਾਣਕਾਰੀ ਦੇਣ ਅਤੇ ਪਾਕਿਸਤਾਨ ਬਾਰੇ ਸੱਚਾਈ ਦੱਸਣ ਲਈ ਦੁਨੀਆ ਦੇ ਦੇਸ਼ਾਂ ਵਿੱਚ ਪਹੁੰਚੇ ਹਨ। ਸ਼ਨੀਵਾਰ ਨੂੰ, 4 ਵਫ਼ਦ ਵਿਦੇਸ਼ ਲਈ ਰਵਾਨਾ ਹੋਏ। ਇਸ ਤੋਂ ਪਹਿਲਾਂ, ਦੋ ਵਫ਼ਦ 21 ਮਈ ਨੂੰ ਅਤੇ ਇੱਕ 22 ਮਈ ਨੂੰ ਵਿਦੇਸ਼ ਗਏ ਸਨ।



SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਤਰਕਸ਼ੀਲਾਂ ਨੇ ਮਾ. ਪ੍ਰੀਤਮ ਕੁਮਾਰ ਨੂੰ ਸਮਰਪਿਤ ਸੈਮੀਨਾਰ ਕਰਵਾਇਆ

**ਰੋਪੜ (ਰੋਮੀ ਘੜਾਮਾਂ):** ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਰੋਪੜ ਵੱਲੋਂ ਮਰਹੂਮ ਮਾ. ਪ੍ਰੀਤਮ ਕੁਮਾਰ ਦੀ ਯਾਦ ਵਿੱਚ ਗਾਂਧੀ ਸਕੂਲ ਰੋਪੜ ਵਿਖੇ ਸੈਮੀਨਾਰ ਕਰਵਾਇਆ। ਮੀਡੀਆ ਵਿਭਾਗ ਮੁਖੀ ਹਰਵਿੰਦਰ ਸੁਖਰਾਮਪੁਰ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਬਾਂਸਲ ਦੇ ਉਦਘਾਟਨੀ ਸ਼ਬਦਾਂ ਨਾਲ਼ ਹੋਈ ਅਤੇ ਮਾਸਟਰ ਜੀ ਦੇ ਸਪੁੱਤਰ ਸੰਜੀਵ ਕੁਮਾਰ ਨੇ ਉਨ੍ਹਾਂ ਬਾਰੇ ਯਾਦਾਂ ਸਾਂਝੀਆ ਕੀਤੀਆਂ। ਉਚੇਚੇ ਸੱਦੇ 'ਤੇ ਪਹੁੰਚੇ ਮੁੱਖ ਬੁਲਾਰੇ ਸੰਦੀਪ ਧਾਰੀਵਾਲ ਭੋਜਾਂ (ਅੰਮ੍ਰਿਤਸਰ) ਨੇ ਕਿਹਾ ਕਿ ਵਾਪਰ ਰਹੀਆਂ ਘਟਨਾਵਾਂ ਪਿੱਛੇ ਕੋਈ ਗੈਬੀ ਸ਼ਕਤੀ ਨਹੀਂ ਹੁੰਦੀ। ਜਦੋਂ ਤੱਕ ਅਸੀ ਤਰਕਸ਼ੀਲ ਨਜ਼ਰੀਏ ਨਾਲ਼ ਜਾਂਚ-ਪੜਤਾਲ ਨਹੀਂ ਕਰਦੇ ਉਦੋਂ ਤੱਕ ਕਿਸੇ ਵੀ ਨਤੀਜੇ 'ਤੇ ਪਹੁੰਚਣਾ ਅਸੰਭਵ ਹੈ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਮਾਸਟਰ ਜੀ ਦੇ ਸੁਸਾਇਟੀ ਵਿੱਚ ਪਾਏ ਯੋਗਦਾਨ ਬਾਰੇ ਜਾਣਕਾਰੀ ਦਿੱਤੀ। ਅਜੀਤ ਪ੍ਰਦੇਸੀ, ਜ਼ੋਨ ਮੁਖੀ, ਚੰਡੀਗੜ੍ਹ ਨੇ ਬੱਚਿਆਂ ਨੂੰ ਅਪੀਲ ਕੀਤੀ ਕਿ ਸੁਸਾਇਟੀ ਵੱਲੋਂ 29 ਤੇ 31 ਅਗਸਤ ਨੂੰ ਕਰਵਾਈ ਜਾ ਰਹੀ ਪਰਖ-ਪ੍ਰੀਖਿਆ ਵਿੱਚ ਗਾਂਧੀ ਸਕੂਲ ਦੀ






ਰਜਿਸਟ੍ਰੇਸ਼ਨ ਸੋ ਪ੍ਰਤੀਸ਼ਤ ਹੋਣੀ ਚਾਹੀਦੀ ਹੈ। ਕਾਮ-ਰੇਡ ਪਵਨ ਕੁਮਾਰ ਸਰਪੰਚ ਚੱਕ ਕਰਮਾਂ ਦੀ ਟੀਮ ਨੇ ਕੋਰੀਓਗ੍ਰਾਫੀ ਪੇਸ਼ ਕੀਤੀ। ਜਸਪਾਲ ਮਾਜਰੀ ਨੇ ਸੰਤ ਰਾਮ ਉਦਾਸੀ ਦਾ ਇਨਕਲਾਬੀ ਗੀਤ 'ਉੱਠ ਕਿਰਤੀਆ ਉੱਠ ਵੇ, ਉੱਠਣ ਦਾ ਵੇਲਾ' ਪੇਸ਼ ਕੀਤਾ। ਮਾਨਸਿਕ ਸਿਹਤ ਵਿਭਾਗ ਮੁਖੀ ਅਮਰਨਾਥ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਵਨ ਰੱਤੋਂ, ਹਰਜੀਤ ਸਿੰਘ ਐਸ.ਡੀ.ਓ., ਅਨਿਲ ਕੁਮਾਰ ਰੇਂਜ ਅਫ਼ਸਰ (ਸੇਵਾ-ਮੁਕਤ), ਹਰਨੇਕ ਸਿੰਘ ਇਕਾਈ ਬਸੀ ਪਠਾਣਾਂ, ਲਖਵਿੰਦਰ ਕੌਰ, ਦੀਪਾ ਰਾਵਤ, ਸੁਪਿੰਦਰ ਘਨੌਲੀ, ਕਾਮਰੇਡ ਕਾਕਾ ਰਾਮ ਮੋਰਿੰਡਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸਭਿਆਚਾਰ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਨੇ ਸਟੇਜ ਸੰਚਾਲਨ ਦੀ ਭੂਮਿਕਾ ਬਹੁਤ ਬਾਖ਼ੂਬੀ ਨਿਭਾਈ।

## ਸਿਵਲ ਹਸਪਤਾਲ ਬੰਗਾ ਵੱਲੋਂ ਬਾਬਾ ਗੋਲਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਬੇਟੀ ਬਚਾਓ ਬੇਟੀ ਪੜ੍ਹਾਓ ਬਾਰੇ ਜਾਣਕਾਰੀ ਦਿੱਤੀ ਗਈ

**ਬੰਗਾ ( ਚਰਨਜੀਤ ਸੱਲ੍ਹਾਂ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਸਰਜਨ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਸਿਵਲ ਹਸਪਤਾਲ ਮੰਗਾਂ ਦੇ ਐਸਐਮਓ ਡਾਕਟਰ ਜਸਵਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਬਾਬਾ ਗੋਲਾ ਸਿੰਘਨੀਰ ਸੈਕੰਡਰੀ ਸਕੂਲ ਵਿੱਚ ਬੇਟੀ ਬਚਾਓ ਬੇਟੀ ਪੜਾਓ ਕੈਂਪ ਲਗਾਇਆ ਗਿਆ। ਇਸ ਵਿੱਚ ਡਾਕਟਰ ਹਨੀ ਚੰਦਦੇਲ ਅਤੇ ਆਰਬੀਐਸਕੇ ਦੇ ਡਾਕਟਰ ਸਤਨਾਮ ਸਿੰਘ ਨੇ ਬੇਟੀਆਂ ਦੀ ਸਿਹਤ ਸੰਭਾਲ ਬਾਰੇ ਦੱਸਿਆ ਕਿ ਉਹਨਾਂ ਨੂੰ ਜਨਮ ਲੈਣ ਦਾ ਹੱਕ ਹੈ ਉਹਨਾਂ ਦਾ ਟੀਕਾਕਰਨ, ਖਾਣ ਪੀਣ ਵਧੀਆ ਮੁੰਡਿਆਂ ਦੇ ਬਰਾਬਰ ਅਤੇ ਉਹਨਾਂ ਨੂੰ ਅੱਗੇ ਵਧਣ ਦੇ



ਮੌਕੇ ਦੇਣੇ ਚਾਹੀਦੇ ਹਨ॥ ਪੜ੍ਹਾਈ ਵਿੱਚ ਸਾਥ ਦੇਣਾ ਚਾਹੀਦਾ ਹੈ। ਬੇਟੀਆਂ ਬੇਟੀਆਂ ਤੋਂ ਵੱਧ ਮਾਤਾ ਪਿਤਾ ਅਤੇ ਪਰਿਵਾਰ ਦੀ ਦੇਖਭਾਲ ਕਰਦੀਆਂ ਹਨ ਉਨਾਂ ਦੀ ਆਦਰ ਸਤਿਕਾਰ ਕਰਨਾ ਅਤੇ ਨਸ਼ਿਆਂ ਤੋਂ ਬਚਾਉਣਾ ਚਾਹੀਦਾ। ਅੱਜ ਕੱਲ ਕੋਈ ਵੀ ਅਜਿਹਾ ਕੰਮ ਨਹੀਂ ਜੋ ਕਿ ਇੱਕ ਲੜਕੀ ਨਹੀਂ ਕਰ ਸਕਦੀ। ਇਸ ਕਰਕੇ ਬੇਟੀਆਂ ਨੂੰ ਪਿਆਰ ਕਰੋ। ਇਸ ਵਿੱਚ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਜਸਵਿੰਦਰ ਕੌਰ, ਸਟਾਫ ਸਤਵੀਰ ਕੌਰ, ਮਨਦੀਪ ਕੌਰ, ਨੀਸ਼ਾ ਸ਼ਰਮਾ, ਰੰਜਨਾ ਕੁਮਾਰੀ, ਦਲਜੀਤ ਕੌਰ, ਮੈਡਮ ਮਨਜੀਤ ਕੌਰ ਹੈਲਥ ਸੁਪਰਵਾਈਜ਼ਰ ਫੀਮੇਲ, ਬਲਵੀਰ ਕੌਰ, ਸੁਖਦੇਵ ਕੌਰ, ਜਸਪ੍ਰੀਤ ਕੌਰ ਆਸ਼ਾ ਬਰੀਡਿੰਗ ਚੈੱਕ ਕਰ ਅਤੇ ਵਿਦਿਆਰਥੀ ਸ਼ਾਮਿਲ ਹੋਏ।

## ਐਡਵੋਕੇਟ ਘੁੰਮਣ ਗੁਰਦੁਆਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਵਿਖੇ ਹੋਏ ਨਤਮਸਤਕ, ਪ੍ਰਬੰਧਕ ਕਮੇਟੀ ਨੇ ਕੀਤਾ ਸਨਮਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਤੋਂ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਅੱਜ ਗੁਰਦੁਆਰਾ ਨਵਾਬ ਜੱਸਾ ਸਿੰਘ ਆਹਲੂਵਾਲੀਆ ਵਿਖੇ ਮੱਥਾ ਟੇਕ ਕੇ ਆਸ਼ੀਰਵਾਦ ਲਿਆ। ਇਸ ਮੌਕੇ ਉਹਨਾਂ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਆਪਣੀ ਹਾਜ਼ਰੀ ਦੌਰਾਨ ਐਡਵੋਕੇਟ ਘੁੰਮਣ ਨੇ ਸੰਗਤ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸੇਵਾ, ਇਮਾਨਦਾਰੀ ਅਤੇ ਲੋਕ-ਹਿੱਤ ਦੀ



**ਪ੍ਰਉਪਕਾਰ ਸਿੰਘ ਘੁੰਮਣ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਪ੍ਰਬੰਧ ਕਮੇਟੀ ਮੈਂਬਰ।**

ਨੀਤੀ ਤੇ ਕੰਮ ਕਰਨਗੇ। ਉਨ੍ਹਾਂ ਨੇ ਇਲਾਕੇ ਦੇ ਵਿਕਾਸ, ਨੌਜਵਾਨਾਂ ਦੀ ਤਰੱਕੀ ਅਤੇ ਸਮਾਜਿਕ ਭਲਾਈ ਨੂੰ ਆਪਣੀ ਤਰਜੀਹ ਦੱਸਿਆ। ਸਥਾਨਕ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਉਨ੍ਹਾਂ ਦੇ ਆਉਣ 'ਤੇ ਖੁਸ਼ੀ ਜਤਾਈ ਅਤੇ ਉਨ੍ਹਾਂ ਨੂੰ ਚੋਣਾਂ ਵਿੱਚ ਵੱਡੀ ਜਿੱਤ ਲਈ ਆਪਣੀ ਸ਼ੁੱਭਕਾਮਨਾਵਾਂ ਦਿੱਤੀਆਂ ।

## ਪਿੰਡ ਕੁਲਥਮ ਵਿੱਚ KWS ਵੱਲੋਂ ਸੰਤ ਰਾਮਾਨੰਦ ਜੀ ਦੀ 16ਵੀਂ ਬਰਸੀ ਮੌਕੇ ਸ਼ਰਧਾਂਜਲੀ ਭੇਟ ਕੀਤੀ ਗਈ

**ਬੰਗਾ (ਚਰਨਜੀਤ ਸੱਲ੍ਹਾਂ )** ਪਿੰਡ ਕੁਲਥਮ ਦੀ ਕੁਲਥਮ ਵੈਲਫੇਅਰ ਸੋਸਾਇਟੀ KWS ਵੱਲੋਂ ਰਵਿਦਾਸੀਆ ਧਰਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਮਹਾਨ ਸ਼ਹਾਦਤ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੀ ਹੈ ਜਿਨ੍ਹਾਂ ਨੇ ਹੱਕ ਸੱਚ ਦੀ ਖਾਤਰ ਆਪਣੀ ਸ਼ਹਾਦਤ ਦਿੱਤੀ ਹੈ ਅਤੇ ਆਪਣੇ ਲੋਕਾਂ ਨੂੰ ਅਣਖ ਨਾਲ ਜਿਉਣਾ ਸਿਖਾਇਆ ਹੈ ਸੰਤ ਰਾਮਾਨੰਦ ਜੀ ਗਿਆਨ ਦੇ ਬਹੁਤ ਵੱਡੇ ਵਿਦਵਾਨ ਸਨ ਅਤੇ ਉਹ ਗਿਆਨ ਰੂਪੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਗੁਰਬਾਣੀ ਨੂੰ ਗਾਉਂਦੇ ਹੁੰਦੇ ਸਨ ਅਤੇ ਗੁਰਬਾਣੀ ਦੇ ਅਰਥ ਸੰਗਤਾਂ ਨੂੰ ਸਮਝਾਉਂਦੇ



ਹੁੰਦੇ ਸਨ।ਇਸ ਮੌਕੇ ਰਾਕੇਸ਼ ਕੁਮਾਰ ਕੁਲਥਮ (ਸੰਸਥਾਪਕ), ਡਾ ਸੋਨੂੰ ਨਰ (ਪ੍ਰਧਾਨ), ਸਤਨਾਮ ਸਿੰਘ ਅਟਵਾਲ (ਉਪ ਪ੍ਰਧਾਨ), ਦੀਪਕ ਅਟਵਾਲ (ਉਪ ਖਜਾਨਚੀ), ਕੋਮਲ ਕੁਮਾਰ (ਖਜਾਨਚੀ), ਮੁਕੇਸ਼ ਕੁਮਾਰ (ਸਕੱਤਰ), ਕੁਲਦੀਪ ਕੁਮਾਰ (ਜਨਰਲ ਸਕੱਤਰ), ਕੁਲਵੰਤ ਕੁਮਾਰ (ਜਨਰਲ ਸਕੱਤਰ), ਰੋਹਿਤ ਕੁਮਾਰ (ਸਕੱਤਰ), ਲਵਪ੍ਰੀ (ਸਕੱਤਰ), ਹੈਰੀ (ਸਲਾਹਕਾਰ), ਗੌਰਵ ਕੁਮਾਰ (ਪ੍ਰੋਜੈਕਟ ਕੋਆਰਡੀਨੇਟਰ), ਸੋਨੂੰ ਚੁੰਬਰ (ਮੀਡੀਆ ਅਧਿਕਾਰੀ), ਹਰਜੋਤ, ਗਗਨ ਕੁਲਥਮ, ਲੇਖ ਰਾਜ ਕੁਲਥਮ, ਅਮਨ ਕੁਲਥਮ (ਕੁਟੀਆ ਵਾਲੇ),ਹੰਸਰਾਜ, ਪ੍ਰਿੰਸ ਕੁਮਾਰ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

## ਮਿਸ਼ਨਰੀ ਵਰਕਰ ਗੁਰਦਿਆਲ ਦੁਸਾਂਝ ਸੰਖੇਪ ਬਿਮਾਰ ਹੋਣ ਪਿੱਛੋਂ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਸਮਾਜ ਅਤੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾਂ ਪਾ ਗਏ





**ਬੰਗਾ (ਚਰਨਜੀਤ ਸੱਲ੍ਹਾਂ )** ਮਿਸ਼ਨਰੀ ਵਰਕਰ ਗੁਰਦਿਆਲ ਦੁਸਾਂਝ ਸੰਖੇਪ ਬਿਮਾਰ ਹੋਣ ਪਿੱਛੋਂ ਦੁਨੀਆਂ ਨੂੰ ਅਲਵਿਦਾ ਆਖ ਗਏ ਸਮਾਜ ਨੂੰ ਤੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾਂ ਪਾ ਗਏ ਹਨ। ਜਿਹਨਾਂ ਨੂੰ ਹਾਲੇ ਸਮਾਜ ਨੂੰ ਅਤੇ ਪਰਿਵਾਰ ਨੂੰ ਬਹੁਤ ਜ਼ਿਆਦਾ ਲੋੜ ਸੀ ਉਹ ਪਰਿਵਾਰ ਨੂੰ ਰੋਂਦੇ ਕੁਰਲਾਉਂਦੇ ਛੱਡ ਗਏ ਹਨ। ਉਹ ਆਪਣੇ ਪਿਛੇ ਤਿੰਨ ਬੇਟੇ ਅਤੇ ਪਤਨੀ ਛੱਡ ਗਏ ਹਨ।ਪਰ ਉਨ੍ਹਾਂ ਦੀ ਘਾਟ ਕਦੇ ਪੂਰੀ ਨਹੀਂ ਹੋਣੀ ਕਿਉਂਕਿ ਕਿ ਉਹ ਹਲਕੇ ਵਿੱਚ ਹੀ ਨਹੀਂ ਪੂਰੇ ਪੰਜਾਬ ਵਿੱਚ ਬਹੁਤ ਹਰਮਨ ਪਿਆਰੇ ਬਸਪਾ ਦੇ ਸਿਰ ਕੱਢ ਵਰਕਰ ਸਨ। ਉਨਾਂ ਨੇ ਪੀ ਡਬਲਿਊ ਡੀ ਵਿੱਚ ਸਰਵਿਸ ਵੀ ਕੀਤੀ ਪਰ ਨੌਕਰੀ ਦੀ ਪ੍ਰਵਾਹ ਕੀਤੇ ਬਗੈਰ ਪਾਰਟੀ ਦਾ ਕੰਮ ਕੀਤਾ ਉਨ੍ਹਾਂ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨਾਲ ਬਹੁਤ ਪਿਆਰ ਸੀ ਅੱਜ ਵੀ ਕਿਤੇ ਉਨ੍ਹਾਂ ਦੀ ਪਾਰਟੀ ਬਸਪਾ ਦਾ ਪ੍ਰੋਗਰਾਮ ਆ ਜਾਵੇ ਉਹ ਵਗੈਰ ਪੈਸੇ ਦੀ ਪ੍ਰਵਾਹ ਕੀਤੇ ਬਿਨਾਂ ਪੈਸੇ ਇਕੱਠੇ ਕੀਤੇ ਬਗੈਰ ਹੀ ਬੱਸ ਭਰ ਕੇ ਲੈ ਜਾਂਦਾ ਸੀ ਉਸ ਦੇ ਸਾਥੀ ਅੱਜ ਵੀ ਗੱਲ ਕਰਦੇ ਸਨ ਕਿ ਜਦੋਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਅਉਂਦਾ ਸੀ ਇਸ ਨੇ ਸਵੇਰੇ ਤੋਂ ਹੀ 5-10 ਕਿਲੋ ਲੱਡੂ ਲੈਕੇ ਸਾਨੂੰ ਫੋਨ ਕਰਨ ਲੱਗ ਪੈਣਾ। ਇਸ ਨੇ ਬਸਪਾ ਦੀ ਸੇਵਾ ਬਹੁਤ ਕੀਤੀ ਕਹਿੰਦਾ ਹੁੰਦਾ ਸੀ ਪਾਰਟੀ ਦਾ ਪ੍ਰਧਾਨ ਜਿਹੜਾਂ ਮਰਜ਼ੀ ਹੋਵੇ ਅਸੀਂ ਤਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨਾਲ ਹਾਂ ਜਾਣੀਕਿ ਬਸਪਾ ਦੇ ਪੱਕੇ ਵਰਕਰ ਹਾਂ। ਜਿਸ ਲਈ ਵਰਕਰਾਂ ਦਾ ਤਾਂਤਾ ਲੱਗਿਆ ਹੋਇਆ ਸੀ ਇਸ ਮੌਕੇ ਤੇ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਬਸਪਾ, ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ ਬਸਪਾ, ਰਵਿੰਦਰ ਮਹਿੰਮੀ ਬਸਪਾ ਆਗੂ, ਹਰਜਿੰਦਰ ਲੱਧੜ ਪ੍ਰਧਾਨ ਬਸਪਾ ਸ਼ਹਿਰੀ ਬੰਗਾ, ਸੁਰਜੀਤ ਸਿੰਘ ਕਰੀਹਾ, ਮਲਕੀਤ ਮੰਢਾਲੀ, ਰਵਿੰਦਰ ਬੀਕਾ, ਸੋਹਣ ਸਹਿਗਲ, ਪਰਮਜੀਤ ਮਹਿਰਮਪੁਰੀ, ਰੌਸ਼ਨ ਭੂਤਾਂ,ਡਾ ਗੁਰਨਾਮ ਚਾਹਲਾ,ਡਾ ਸੋਮ ਨਾਥ ਲੋਧੀਪੁਰ, ਜਗਤਾਰ ਸਿੰਘ ਭਰੋ ਮਜਾਰਾ, ਮੱਖਣ ਚੌਹਾਨ, ਮਨਜੀਤ ਸਿੰਘ ਬੰਗਾ, ਸੁਰਿੰਦਰ ਮੋਹਨ, ਸੁਰਿੰਦਰ ਸਰਪੰਚ ਭਰੋ ਮਜਾਰਾ, ਚਮਨ ਲਾਲ ਪੱਤਰਕਾਰ , ਜਗਤਾਰ ਬੀਕਾ, ਡਾ ਐਮ ਐਲ ਬੱਧਣ,ਪਰਮਿੰਦਰ ਸਿੰਘ ਸੂੰਦ ਬਾਮਸੇਫ , ਹਰਬੰਸ ਵਿਰਦੀ, ਪਰਮਜੀਤ ਦੋਸਾਂਝ ਅਤੇ ਬਹੁਤ ਸਾਰੇ ਪਾਰਟੀ ਵਰਕਰ ਤੇ ਸਕੇਂ ਸਬੰਧੀ ਹਾਜ਼ਰ ਸਨ।

## ਸਿਵਲ ਹਸਪਤਾਲ ਬੰਗਾ ਵੱਲੋਂ ਬਾਬਾ ਗੋਲਾ ਸੀਨੀਅਰ ਸੈਕੰਡਰੀ ਸਕੂਲ ਬੰਗਾ ਵਿਖੇ ਟੈਟਨਸ, ਡਿਪਥੀਰੀਆ ਦੇ ਟੀਕੇ ਲਗਾਏ



**ਬੰਗਾ (ਚਰਨਜੀਤ ਸੱਲ੍ਹਾਂ )** ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਸਰਜਨ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਸਿਵਲ ਹਸਪਤਾਲ ਬੰਗਾ ਦੇ ਐਸਐਮਓ ਡਾਕਟਰ ਜਸਵਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਬਾਬਾ ਗੋਲਾ ਸਿੰਘਨੀਅਰ ਸੈਕਰਟਰੀ ਸਕੂਲ ਬੰਗਾ ਵਿਖੇ ਟੈਟਨਸ, ਡਿਪਥੀਰੀਆ ਦੇ 16 ਸਾਲ ਦੇ ਟੀਕੇ ਲਗਾਏ ਗਏ। ਤਾਂ ਕਿ ਬੱਚੇ ਬਿਮਾਰੀਆਂ ਤੋਂ ਬਚੇ ਰਹਿਣ। ਇਸ ਵਿੱਚ ਸਿਹਤ ਸੰਭਾਲ ਬਾਰੇ, ਨਿਊਟਰੇਸ਼ਨ ਅਤੇ ਹਰ ਬੁੱਧਵਾਰ ਆਇਰਨ ਫੋਲਿਕ ਦੀਆਂ ਗੋਲੀਆਂ ਖਾਣ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਵਿੱਚ ਮੈਡਮ ਮਨਜੀਤ ਕੌਰ ਹੈਲਥ ਸੁਪਰਵਾਈਜ਼ਰ ਫੀਮੇਲ ਬਲਵੀਰ ਕੌਰ, ਸੁਖਦੇਵ ਕੌਰ, ਜਸਪ੍ਰੀਤ ਕੌਰ ਆਸ਼ਾ ਵਰਕਰ ਅੰਮ੍ਰਿਤ ਪਾਲ ਸਿੰਘ ਮੇਲ ਵਰਕਰ, ਬਰੀਡਿੰਗ ਚੈੱਕ ਕਰ, ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ, ਮੈਡਮ ਸਤਵੀਰ ਕੌਰ, ਮਨਦੀਪ ਕੌਰ, ਨੀਸ਼ਾ ਸ਼ਰਮਾ, ਰੰਜਨਾ ਕੁਮਾਰੀ ਅੱਧੇ ਟੀਕੇ ਲਗਾਉਣ ਵਾਲੇ ਬੱਚੇ ਸ਼ਾਮਿਲ ਹੋਏ।

## ਮਨੋਹਰ ਲਾਲ ਅਤੇ ਸਰਵਣ ਕੁਮਾਰ ਕਮਾਮ ਨੇ ਮਰਨ ਉਪਰੰਤ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦੇਣ ਸਬੰਧੀ ਪ੍ਰਣ ਪੱਤਰ ਭਰੇ



**ਨਵਾਂਸ਼ਹਿਰ ( ਚਰਨਜੀਤ ਸੱਲ੍ਹਾਂ )-** ਸ੍ਰੀ ਮਨੋਹਰ ਲਾਲ ਸਾਬਕਾ ਸਰਪੰਚ ਅਤੇ ਬਸਪਾ ਦੇ ਸਿਰਕੱਢ ਆਗੂ ਅਤੇ ਸ੍ਰੀ ਸਰਵਣ ਕੁਮਾਰ ਸਾਬਕਾ ਪੰਚ ਪਿੰਡ ਕਮਾਮ ਨੇ ਮਰਨ ਉਪਰੰਤ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦੇਣ ਸਬੰਧੀ ਪ੍ਰਣ ਪੱਤਰ ਭਰੇ ਗਏ। ਇਹ ਫੈਸਲਾ ਉਹਨਾਂ ਮਾਸਟਰ ਟੋਡਰ ਮੱਲ ਦੀ ਪ੍ਰੇਰਨਾ ਸਦਕਾ ਲਿਆ ਕਿਉਂਕਿ ਮਾ. ਜੀ ਨੇ ਵੀ ਕੁੱਝ ਮਹੀਨੇ ਪਹਿਲਾਂ ਹੀ ਆਪਣਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦੇਣ ਦਾ ਪ੍ਰਣ ਕੀਤਾ ਸੀ। ਇਹ ਪ੍ਰਣ ਪੱਤਰ ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ,ਜੋਨ ਵਿੱਤ ਮੁਖੀ ਸੁਖਵਿੰਦਰ ਗੋਗਾ ਬੰਗਾ ਇਕਾਈ ਦੇ ਸਰਗਰਮ ਮੈਂਬਰ ਰੂਬੀ ਬੰਗਾ ਜੀ ਦੁਆਰਾ ਪਿਮਸ ਮੈਡੀਕਲ ਕਾਲਜ ਅਤੇ ਹਸਪਤਾਲ ਜਲੰਧਰ ਲਈ ਭਰੇ ਗਏ।

ਇਸ ਮੌਕੇ ਸ੍ਰੀ ਮਨੋਹਰ ਲਾਲ ਜੀ ਦੇ ਵੱਡੇ ਭਰਾ ਰਾਕੇਸ਼ ਰਾਮ ਸੇਵਾ ਮੁਕਤ ਸੂਬੇਦਾਰ ਸੈਂਟਰ ਪੁਲੀਸ, ਮਾਸਟਰ ਟੋਡਰ ਮੱਲ, ਪਤਨੀ ਮਨਜੀਤ ਕੌਰ, ਭਰਜਾਈਆਂ ਮੋਹਿੰਦਰ ਕੌਰ ਅਤੇ ਮੈਡਮ ਜਸਵੀਰ ਕੌਰ,ਬੇਟਾ ਇਮਾਨ ਸਿੰਘ ਅਤੇ ਬੇਟੀ ਗੁਰਨੂਰ ਕੌਰ ਵੀ ਹਾਜ਼ਰ ਸਨ। ਸ੍ਰੀ ਸਰਵਣ ਕੁਮਾਰ ਦੇ ਪੁੱਤਰ ਰੋਹਿਤ ਕੁਮਾਰ, ਨੂੰਹਾਂ ਕਿਰਨ ਕੁਮਾਰੀ ਅਤੇ ਪਰਵਿੰਦਰ ਕੌਰ, ਪੋਤੀਆਂ ਹਿਮਾਂਸ਼ੀ ਹੀਰੋ, ਹਰਮਨ ਹੀਰੋ, ਪ੍ਰਤੀਸ਼ਠਾ ਹੀਰੋ, ਪੋਤੇ ਵਿਸ਼ਾਲ ਹੀਰੋ ਅਤੇ ਮਨਪ੍ਰੀਤ ਹੀਰੋ ਮੌਜੂਦ ਸਨ। ਸ੍ਰੀ ਸਰਵਣ ਕੁਮਾਰ ਜੀ ਦੇ ਇਸ ਫੈਸਲੇ ਨਾਲ ਪੁੱਤਰਾਂ ਅਤੇ ਨੂੰਹਾਂ ਨੇ ਪੂਰਨ ਸਹਿਮਤੀ ਪ੍ਰਗਟ ਕੀਤੀ। ਸ੍ਰੀ ਮਨੋਹਰ ਲਾਲ ਅਤੇ ਸਰਵਣ ਕੁਮਾਰ ਨੇ ਕਿਹਾ ਕਿ ਇਹ ਫੈਸਲਾ ਅਸੀਂ ਆਪਣੀ ਇੱਛਾ ਅਨੁਸਾਰ ਸੁਚੇਤ ਮਨ ਨਾਲ ਲਿਆ ਹੈ। ਉਹਨਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਿਹਾ ਜੇਕਰ ਤੁਸੀਂ ਸਾਡੀ ਇਹ ਅੰਤਮ ਇੱਛਾ ਪੂਰੀ ਕਰੋਗੇ ਤਾਂ ਸਾਡੇ ਜੀਵਨ ਦਾ ਅਸਲ ਮਕਸਦ ਪੂਰਾ ਹੋਏਗਾ ਅਤੇ ਅਸੀਂ ਸਮਝਾਂਗੇ ਕਿ ਤੁਸੀਂ ਸਾਡੀਆਂ ਭਾਵਨਾਵਾਂ ਦੀ ਕਦਰ ਪਾਈ ਹੈ ਅਤੇ ਸਾਡਾ ਅਸਲ ਵਿੱਚ ਸਤਿਕਾਰ ਹੋਇਆ ਹੈ। ਤਰਕਸ਼ੀਲ ਆਗੂਆਂ ਨੇ ਇਸ ਮੌਕੇ ਕਿਹਾ ਅੰਗਦਾਨ ਸਰੀਰਦਾਨ ਦੀ ਲਹਿਰ ਦਿਨੋ ਦਿਨ ਵਧਦੀ ਜਾ ਰਹੀ ਹੈ ਉਹਨਾਂ ਇਸ ਲਹਿਰ ਵਿੱਚ ਯੋਗਦਾਨ ਪਾਉਣ ਵਾਲਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ।ਇਸ ਮੌਕੇ ਜਗਦੀਸ਼ ਸਿੰਘ ਸਾਬਕਾ ਸਰਪੰਚ ਕਮਾਮ ਅਤੇ ਸੋਢੀ ਰਾਮ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

**ਮਾ. ਜਗਦੀਸ਼ ਰਾਏਪੁਰ ਡੱਬਾ**
**ਜਥੇਬੰਦਕ ਮੁਖੀ ਜੋਨ ਨਵਾਂਸ਼ਹਿਰ।**
**ਫੋਨ: 9417434038**

## ਮਿਸ਼ਨਰੀ ਪਰਿਵਾਰ ਦੀ ਮੁੱਖੀ ਸਤਿਕਾਰਯੋਗ ਮਾਤਾ ਗਿਆਨ ਕੌਰ ਜੀ ਸੰਸਾਰ ਨੂੰ ਅਲਵਿਦਾ ਕਹਿ ਗਏ







**ਬੰਗਾ (ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਦੇ ਮਿਸ਼ਨਰੀ ਪਿੰਡ ਦੇ ਮੁਲਾਜਮ ਆਗੂ ਪ੍ਰਿੰਸੀਪਲ ਹੁਸਨ ਲਾਲ ਬਸਰਾ ਜੀ ,ਮਾਸਟਰ ਰਜਿੰਦਰ ਬਸਰਾ ਜੀ , ਮਾਸਟਰ ਰਾਜ ਕੁਮਾਰ ਜੀ ਬਸਪਾ ਆਗੂ ਦੂਨੀ ਚੰਦ ਜੀ ਦੀ ਮਾਤਾ ਮਿਸ਼ਨਰੀ ਪਰਿਵਾਰ ਦੇ ਮੁਖੀ ਮਾਤਾ ਗਿਆਨ ਕੌਰ ਜੀ ਪਤਨੀ ਸ਼੍ਰੀ ਤਰਸੇਮ ਲਾਲ ਬਸਰਾ ਜੀ ਅਜ ਸ਼ਾਮ ਅਚਾਨਕ ਹਾਰਟ ਅਟੈਕ ਨਾਲ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ ਅਜ ਬੁਰਜ ਕੰਧਾਰੀ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ ਪਾਰਟੀ ਦੇ ਝੰਡੇ ਨਾਲ ਸਨਮਾਨ ਕਰਦੇ ਬਸਪਾ ਵਲੋ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜਿਲਾ ਜਨਰਲ ਸਕੱਤਰ ਹਰਬਲਾਸ ਬਸਰਾ ਜੀ ਨੇ ਵਿਦਾਇਗੀ ਦਿੱਤੀਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰਾ ਜੀ ਨੇ ਪਿੰਡ ਬੁਰਜ ਕੰਧਾਰੀ ਪਹੁੰਚ ਕੇ ਬਸਰਾ ਪਰਿਵਾਰ ਨਾਲ ਦੁੱਖ ਕੀਤਾ।

for more news visit:
www.samajweekly.com

# ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਧਾਇਕ ਜਿੰਪਾ ਨੇ ਸਰਕਾਰੀ ਸਕੂਲਾਂ 'ਚ ਨਵੇਂ ਕਲਾਸ ਰੂਮਾਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿੱਖਿਆ ਦੇ ਖੇਤਰ ਵਿਚ ਮਿਆਰੀ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਵੱਲ ਇਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ, ਹੁਸ਼ਿਆਰਪੁਰ ਦੇ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਦੋ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਨਵੇਂ ਬਣੇ ਕਲਾਸ ਰੂਮਾਂ ਦਾ ਰਸਮੀ ਉਦਘਾਟਨ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਸਿੱਖਿਆ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ ਅਤੇ ਜਦੋਂ ਬੱਚੇ ਬਿਹਤਰ ਵਾਤਾਵਰਨ ਵਿਚ ਪੜ੍ਹਾਈ ਕਰਨ, ਤਾਂ ਉਨ੍ਹਾਂ ਦਾ ਆਤਮਵਿਸ਼ਵਾਸ ਅਤੇ ਸਿੱਖਣ ਦੀ ਸਮਰੱਥਾ ਦੋਵੇਂ



ਵੱਧਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਨੂੰ ਸਭ ਤੋਂ ਵੱਧ ਤਰਜ਼ੀਹ ਦੇ ਰਹੀ ਹੈ ਅਤੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਲਗਾਤਾਰ ਸੁਧਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਸਮਾਰਟ ਕਲਾਸਾਂ, ਲਾਇਬ੍ਰੇਰੀ, ਸਾਫ਼ ਪੀਣ ਵਾਲਾ ਪਾਣੀ, ਪਖਾਨੇ ਅਤੇ ਬੈਠਣ ਦੇ ਢੁਕਵੇਂ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ ਤਾਂ ਜੋ ਸਰਕਾਰੀ ਸਕੂਲ ਕਿਸੇ ਵੀ ਪ੍ਰਾਈਵੇਟ ਸਕੂਲ ਤੋਂ ਘੱਟ ਨਾ ਦਿਖਾਈ ਦੇਣ। ਜਿੰਪਾ ਨੇ ਅਧਿਆਪਕਾਂ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਕੂਲਾਂ ਦੀ ਦੇਖਭਾਲ ਵਿਚ ਸਹਿਯੋਗ ਕਰਨ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ।

# ਵਿਧਾਇਕ ਜਿੰਪਾ ਨੇ ਹੁਸ਼ਿਆਰਪੁਰ ਇੰਡਸਟ੍ਰੀਅਲ ਅਸਟੇਟ 'ਚ 1.61 ਕਰੋੜ ਦੀ ਲਾਗਤ ਨਾਲ ਬੁਨਿਆਦੀ ਸਹੂਲਤਾਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀ ਉਦਯੋਗਿਕ ਤਰੱਕੀ ਦੀ ਦਿਸ਼ਾ ਵਿਚ ਇਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ, ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਦੇ ਅਣਥੱਕ ਯਤਨਾਂ ਸਦਕਾ ਇੰਡਸਟ੍ਰੀਅਲ ਅਸਟੇਟ, ਹੁਸ਼ਿਆਰਪੁਰ ਵਿਚ ਲੰਬੇ ਸਮੇਂ ਤੋਂ ਲਟਕ ਰਹੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜ ਦੀ ਸ਼ੁਰੂਆਤ ਕੀਤੀ ਗਈ। ਜ਼ਿਕਰਯੋਗ ਹੈ ਕਿ ਸਾਲ 1962-63 ਵਿਚ ਪੰਜਾਬ ਸਰਕਾਰ ਦੇ ਉਦਯੋਗ ਵਿਭਾਗ ਵੱਲੋਂ 27 ਏਕੜ ਜ਼ਮੀਨ 'ਤੇ ਸਥਾਪਿਤ ਇਸ ਉਦਯੋਗਿਕ ਅਸਟੇਟ ਵਿਚ ਕੁੱਲ 76 ਉਦਯੋਗਿਕ ਪਲਾਟ ਹਨ। ਹਾਲਾਂਕਿ, ਇਲਾਕੇ ਵਿਚ ਸੜਕਾਂ, ਪਾਣੀ ਦੀ ਸਪਲਾਈ, ਸੀਵਰੇਜ ਸਿਸਟਮ ਅਤੇ ਸਟਰੀਟ ਲਾਈਟਾਂ ਵਰਗੇ ਬੁਨਿਆਦੀ ਢਾਂਚੇ ਪਿਛਲੇ ਕਈ ਸਾਲਾਂ ਤੋਂ ਖਸਤਾ ਹਾਲਤ ਵਿਚ ਸਨ, ਜਿਸ ਕਾਰਨ ਉੱਦਮੀਆਂ ਨੂੰ ਬਹੁਤ ਸਾਰੀਆਂ



ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਇਸ ਉਦਯੋਗਿਕ ਅਸਟੇਟ 1.61 ਕਰੋੜ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਤਹਿਤ ਸੜਕ ਨਿਰਮਾਣ 'ਤੇ 82 ਲੱਖ ਰੁਪਏ, ਪਾਣੀ ਸਪਲਾਈ ਅਤੇ ਸੀਵਰੇਜ ਪ੍ਰਣਾਲੀ 'ਤੇ 71 ਲੱਖ ਰੁਪਏ ਅਤੇ ਸਟਰੀਟ ਲਾਈਟ ਪ੍ਰਣਾਲੀ 'ਤੇ 8 ਲੱਖ ਰੁਪਏ ਖ਼ਰਚ ਕੀਤੇ ਜਾਣਗੇ। ਕੰਮ ਦੇ ਪੂਰਾ ਹੋਣ ਨਾਲ ਨਾ ਸਿਰਫ਼ ਉਦਯੋਗਪਤੀਆਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ ਸਗੋਂ ਉਦਯੋਗਿਕ ਗਤੀਵਿਧੀਆਂ ਵਿੱਚ ਤੇਜ਼ੀ ਆਵੇਗੀ ਅਤੇ ਰੁਜ਼ਗਾਰ ਦੇ ਮੌਕੇ ਵੀ ਵਧਣਗੇ। ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਭਵਿੱਖ ਵਿਚ ਹੁਸ਼ਿਆਰਪੁਰ ਦੇ ਹੋਰ ਉਦਯੋਗਿਕ ਖੇਤਰਾਂ ਵਿਚ ਵੀ ਇਸੇ ਤਰ੍ਹਾਂ ਦੇ ਵਿਕਾਸ ਕਾਰਜ ਯਕੀਨੀ ਬਣਾਏ ਜਾਣਗੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਮਨਮੀਤ ਕੌਰ ਤੁਲੀ, ਸਤਵੰਤ ਸਿੰਘ ਸਿਆਣ, ਹਰਭਗਤ ਸਿੰਘ ਤੁਲੀ, ਅਮਰਜੀਤ ਸ਼ਰਮਾ, ਬਹਾਦਰ ਸਿੰਘ ਸੁਨੇਤ, ਕਮਲਜੀਤ ਸਿੰਘ ਕਾਰਜਕਾਰੀ ਪੀ.ਐਸ.ਆਈ.ਈ.ਸੀ, ਅਰੁਣ ਕੁਮਾਰ ਜੀ.ਐਮ ਇੰਡਸਟ੍ਰੀਜ਼, ਸੁਮੀਰ ਵਿਜ, ਮਦਨ ਮੋਹਨ ਅਗਰਵਾਲ, ਅਮਰਜੀਤ ਸਿੰਘ ਅਤੇ ਹੋਰ ਉਦਯੋਗਪਤੀ ਵੀ ਮੌਜੂਦ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੈਦਪੁਰ ਵਿਖੇ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਮਨਾਇਆ ਗਿਆ

**ਕਪੂਰਥਲਾ (ਕੌੜਾ)-** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੈਦਪੁਰ, ਕਪੂਰਥਲਾ ਵਿੱਚ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਨੂੰ ਉਤਸ਼ਾਹ ਅਤੇ ਜਾਗਰੂਕਤਾ ਨਾਲ ਮਨਾਇਆ ਗਿਆ।ਇਸ ਵਿਸ਼ੇਸ਼ ਦਿਨ ਦੀ ਸ਼ੁਰੂਆਤ ਸਕੂਲ ਦੀ ਸਵੇਰੇ ਅਸੰਬਲੀ ਦੌਰਾਨ ਸ. ਅਮਨਦੀਪ ਸਿੰਘ (ਸਾਇੰਸ ਮਾਸਟਰ) ਵਲੋਂ ਦਿੱਤੇ ਗਏ ਜਾਗਰੂਕਤਾ ਭਾਸ਼ਣ ਨਾਲ ਹੋਈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਜੈਵਿਕ ਵਿਭਿੰਨਤਾ ਧਰਤੀ ਦੀ ਪ੍ਰਾਕਿਰਤਿਕ ਧਨ ਸੰਪਦਾ ਹੈ ਅਤੇ ਇਸਦੀ ਰੱਖਿਆ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਉਦਾਹਰਣਾਂ ਰਾਹੀਂ ਵਿਦਿਆਰਥੀਆਂ ਨੂੰ ਇਹ ਦੱਸਿਆ ਕਿ ਕੁਦਰਤੀ ਪ੍ਰਜਾਤੀਆਂ ਦੀ ਹਫ਼ਾਜ਼ਤ ਕਰਕੇ ਅਸੀਂ ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾ ਸਕਦੇ ਹਾਂ।ਇਸ ਮੌਕੇ ਸ਼੍ਰੀਮਤੀ ਹਰਪ੍ਰੀਤ ਕੌਰ ( ਸਾਇੰਸ ਮਿਸਟ੍ਰੈਸ) ਦੀ ਅਗਵਾਈ ਹੇਠ ਪੋਸਟਰ ਮੇਕਿੰਗ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ।



ਜਿਸ ਵਿੱਚ ਬੱਚਿਆਂ ਨੇ ਜੈਵਿਕ ਵਿਭਿੰਨਤਾ ਬਚਾਉਣ ਸਬੰਧੀ ਰਚਨਾਤਮਕ ਪੋਸਟਰ ਬਣਾਏ। ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਸਮਝ ਨੂੰ ਸਾਰੇ ਸਟਾਫ ਨੇ ਸਰਾਹਿਆ। ਸਕੂਲ ਦੇ ਇੰਚਾਰਜ ਸ਼੍ਰੀ ਰਾਕੇਸ਼ ਕੁਮਾਰ ਜੀ (ਲੈਕਚਰਾਰ ਸਰੀਰਕ ਸਿੱਖਿਆ) ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਸਮਾਰੋਹ ਨਾਂ ਸਿਰਫ਼ ਵਿਦਿਆਰਥੀਆਂ ਦੀ ਗਿਆਨਵਰਧਨ ਕਰਦੇ ਹਨ, ਸਗੋਂ ਉਨ੍ਹਾਂ ਵਿੱਚ ਪਰਿਆਵਰਨ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵੀ ਜਗਾਉਂਦੇ ਹਨ। ਸਮਾਗਮ ਨੂੰ ਸਫਲ ਬਣਾਉਣ ਲਈ ਰਵਿੰਦਰ ਕੌਰ (ਪੰਜਾਬੀ ਲੈਕਚਰਾਰ), ਗੁਰਵਿੰਦਰ ਕੌਰ (ਸਮਾਜਿਕ ਵਿਗਿਆਨ ਮਿਸਟ੍ਰੈਸ), ਰਾਜਵਿੰਦਰ ਕੌਰ (ਪੰਜਾਬੀ ਮਿਸਟਰੈੱਸ), ਮਨਿੰਦਰ ਕੌਰ (ਗਣਿਤ ਮਿਸਟਰੈੱਸ), ਰਾਜਵਿੰਦਰ ਕੌਰ (ਅੰਗਰੇਜ਼ੀ ਮਿਸਟਰੈੱਸ), ਕਿੰਦਰਜੀਤ ਕੌਰ (ਕੰਪਿਊਟਰ ਅਧਿਆਪਿਕਾ), ਕੁਲਬੀਰ ਸਿੰਘ (ਪੀ.ਟੀ.ਆਈ.), ਹਰਮਿੰਦਰ ਸਿੰਘ (ਐੱਸ.ਐੱਲ.ਏ.), ਕ੍ਰਿਸ਼ਨਪਾਲ ਸਿੰਘ (ਲਾਇਬਰੇਰੀਅਨ), ਹਰਵਿੰਦਰ ਕੌਰ ਆਦਿ ਨੇ ਅਹਿਮ ਭੂਮਿਕਾ ਨਿਭਾਈ। ਸਮਾਪਤੀ 'ਤੇ ਸ. ਰਾਕੇਸ਼ ਕੁਮਾਰ ਜੀ (ਲੈਕਚਰਾਰ ਸਰੀਰਕ ਸਿੱਖਿਆ) ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ।

# ਸਿਰਫ ਸੌ ਰੁਪਿਆ/ ਮਿੰਨੀ ਕਹਾਣੀ

ਛੇ ਦਿਨ ਪਹਿਲਾਂ ਮਾਸਟਰ ਹਰਦਿਆਲ ਸਿੰਘ ਆਪਣੀ ਬੇਟੀ ਦੇ ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਮੈਨੂੰ ਘਰ ਆ ਕੇ ਦੇ ਗਿਆ ਸੀ। ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਦੇਣ ਵੇਲੇ ਉਸ ਨੇ ਮੈਨੂੰ ਆਖਿਆ ਸੀ ਕਿ ਭਾਵੇਂ ਵਿਆਹ ਨਵਾਂ ਸ਼ਹਿਰ ਬਲਿਊ ਮੂਨ ਪੈਲੇਸ ਵਿੱਚ ਹੋਣਾ ਹੈ ਪਰ ਅਨੰਦ ਕਾਰਜ ਆਪਣੇ ਪਿੰਡ ਦੇ ਗੁਰਦੁਆਰੇ ਵਿੱਚ ਹੋਣੇ ਹਨ।

ਅੱਜ ਪਿੰਡ ਦੇ ਗੁਰਦੁਆਰੇ ਤੋਂ ਅਨਾਊਂਸਮੈਂਟ ਹੋ ਰਹੀ ਸੀ," ਮਾਸਟਰ ਹਰਦਿਆਲ ਸਿੰਘ ਦੀ ਬੇਟੀ ਦੇ ਅਨੰਦ ਕਾਰਜ ਸ਼ੁਰੂ ਹੋਣ ਲੱਗੇ ਆ। ਪਿੰਡ ਵਾਸੀ ਗੁਰਦੁਆਰਾ ਸਾਹਿਬ ਪਹੁੰਚ ਜਾਓ।" ਇਹ ਅਨਾਊਂਸਮੈਂਟ ਸੁਣ ਕੇ ਮੈਂ ਪਿੰਡ ਦੇ ਗੁਰਦੁਆਰੇ ਪਹੁੰਚ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਪਿੱਛੋਂ ਮੈਂ ਮਾਸਟਰ ਹਰਦਿਆਲ ਸਿੰਘ ਦੇ ਲਾਗੇ ਜਾ ਕੇ ਬਹਿ ਗਿਆ। ਉਸ ਦੇ ਖੱਬੇ, ਸੱਜੇ ਤਿੰਨ, ਚਾਰ ਮਾਸਟਰ ਵੀ ਬੈਠੇ ਸਨ ਜੋ ਕਿ ਉਸ ਦੇ ਨਾਲ ਪੜ੍ਹਾਉਂਦੇ ਸਨ। ਪਾਠੀ ਸਿੰਘ ਨੇ ਚਾਰ ਲਾਵਾਂ ਪੜ੍ਹ ਕੇ ਅਨੰਦ ਕਾਰਜ ਪੂਰੇ ਕੀਤੇ। ਮੈਂ ਆਪਣੀ ਜੇਬ ਵਿੱਚੋਂ ਸ਼ਗਨ ਦਾ ਲਿਫਾਫਾ ਕੱਢ ਕੇ ਮਾਸਟਰ ਹਰਦਿਆਲ ਸਿੰਘ ਦੇ ਅੱਗੇ ਕਰਦਿਆਂ ਕਿਹਾ," ਤੁਹਾਨੂੰ ਬੇਟੀ ਦੇ ਵਿਆਹ ਦੀਆਂ ਬਹੁਤ, ਬਹੁਤ ਵਧਾਈਆਂ।"

ਮਾਸਟਰ ਹਰਦਿਆਲ ਸਿੰਘ ਨੇ ਆਖਿਆ," ਹਾਲੇ ਇਹ ਲਿਫਾਫਾ ਰਹਿਣ ਦਿਓ। ਗੁਰਦੁਆਰੇ ਤੋਂ ਬਾਹਰ ਜਾ ਕੇ ਲਵਾਂਗੇ।" ਮੈਨੂੰ ਉਸ ਦੇ ਇਸ ਵਰਤਾਓ ਤੇ ਕੁਝ ਗੁੱਸਾ ਚੜ੍ਹ ਗਿਆ। ਫਿਰ ਮਨ ਮਾਰ ਕੇ ਉਸ ਦੇ ਗੁਰਦੁਆਰੇ ਚੋਂ ਬਾਹਰ ਜਾਣ ਦਾ ਇੰਤਜ਼ਾਰ ਕਰਨ ਲੱਗਾ। ਪ੍ਰਸ਼ਾਦ ਲੈਣ ਪਿੱਛੋਂ ਲੜਕੇ ਨਾਲ ਆਏ ਬਰਾਤੀ ਤੇ ਪਿੰਡ ਦੇ ਲੋਕ ਗੁਰਦੁਆਰੇ ਤੋਂ ਬਾਹਰ ਆ ਗਏ। ਮੈਂ ਵੀ ਮਾਸਟਰ ਹਰਦਿਆਲ ਸਿੰਘ ਦੇ ਨਾਲ ਬਾਹਰ ਆ ਗਿਆ। " ਮਾਸਟਰ ਜੀ, ਹੁਣ ਤਾਂ ਸ਼ਗਨ ਲੈ ਲਓ।" ਮੈਂ ਆਖਿਆ। ਉਹ ਬੜੀ ਨਿਮਰਤਾ ਨਾਲ ਆਖਣ ਲੱਗਾ," ਪਹਿਲਾਂ ਤਾਂ ਮੈਂ ਤੁਹਾਡੇ ਕੋਲੋਂ ਇਸ ਗੱਲ ਦੀ ਮਾਫੀ ਮੰਗਦਾਂ ਕਿ ਮੈਂ ਗੁਰਦੁਆਰੇ ਦੇ ਅੰਦਰ ਤੁਹਾਡੇ ਕੋਲੋਂ ਲਿਫਾਫਾ ਨਹੀਂ ਫੜਿਆ। ਦੂਜੀ ਗੱਲ ਮੈਂ ਕਿਸੇ ਤੋਂ ਵੀ ਲਿਫਾਫੇ ਵਿੱਚ ਸ਼ਗਨ ਨਹੀਂ ਲਿਆ। ਹਰ ਇਕ ਤੋਂ ਸਿਰਫ ਸੌ ਰੁਪਿਆ ਲਿਆ। ਤੁਹਾਨੂੰ ਪਤਾ ਹੀ ਆ, ਮੈਂ ਤੇ ਮੇਰੀ ਪਤਨੀ ਦੋਵੇਂ ਟੀਚਰ ਹਾਂ। ਸਾਨੂੰ ਕਿਸੇ ਵੀ ਚੀਜ਼ ਦੀ ਲੋੜ ਨਹੀਂ। ਬੇਟੀ ਕੁਝ ਦਿਨ ਪਹਿਲਾਂ ਆਸਟ੍ਰੇਲੀਆ ਤੋਂ ਵਿਆਹ ਕਰਾਣ ਲਈ ਆਈ ਸੀ। ਕੁਝ ਦਿਨਾਂ ਪਿੱਛੋਂ ਉਸ ਨੇ ਮੁੜ ਆਸਟ੍ਰੇਲੀਆ ਚਲੇ ਜਾਣਾ ਆਂ। ਇਸ ਕਰਕੇ ਤੁਸੀਂ ਮੈਨੂੰ ਸਿਰਫ ਸੌ ਰੁਪਿਆ ਸ਼ਗਨ ਦਾ ਦੇ ਦਿਓ।" ਮੈਂ ਆਪਣੇ ਬਟੂਏ ਚੋਂ ਸੌ ਰੁਪਏ ਦਾ ਨੋਟ ਕੱਢ ਕੇ ਉਸ ਦੇ ਹੱਥਾਂ ਤੇ ਰੱਖ ਦਿੱਤਾ। ਮੈਂ ਸੋਚ ਰਿਹਾ ਸਾਂ ਕਿ ਜੇ ਸਾਰੇ ਲੋਕ ਉਸ ਵਾਂਗ ਕਰਨ ਲੱਗ ਪੈਣ ਤਾਂ ਕਿੰਨਾ ਪੈਸਾ ਬਚ ਸਕਦਾ ਅਤੇ ਵਾਧੂ ਦੇ ਲੜਾਈ, ਝਗੜੇ ਤੇ ਕਲੇਸ਼ ਜਿਹੜੇ ਲੈਣ-ਦੇਣ ਪਿੱਛੇ ਹੁੰਦੇ ਹਨ, ਵੀ ਘੱਟ ਸਕਦੇ ਹਨ।



**ਮਹਿੰਦਰ ਸਿੰਘ ਮਾਨ**
ਪਿੰਡ ਤੇ ਡਾਕ ਰੱਕੜਾਂ ਢਾਹਾ-
144526
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ 9915803554

# ਪਾਣੀ ਲਈ ਯੁੱਧ ਨਹੀਂ, ਬੁੱਧ ਫੂਲੇ ਰਵਿਦਾਸ ਅੰਬੇਡਕਰ ਦਾ ਰਾਹ ਅਪਨਾਉਣ ਦੀ ਲੋੜ

ਪਾਣੀ ਕੁਦਰਤ ਦਾ ਇਕ ਮਹੱਤਵਪੂਰਨ ਉਪਕਾਰ ਸਾਧਨ ਹੈ। ਪ੍ਰਾਣੀ ਜੀਵਨ, ਚਾਹੇ ਉਹ ਮਨੁੱਖ, ਬਨਸਪਤੀ, ਜਾਨਵਰ ਤੇ ਜਨੌਰ ਹੋਵੇ ਲਈ ਇਕ ਜਰੂਰੀ ਤੱਤ ਹੈ। ਧਰਤੀ ਦਾ 71 ਪ੍ਰਤੀਸ਼ਤ ਹਿੱਸਾ ਪਾਣੀ ਨਾਲ ਭਰਿਆ ਹੋਇਆ ਹੈ। ਮਨੁੱਖੀ ਸਰੀਰ ਦੇ ਕੁੱਲ ਭਾਰ ਦਾ 60 ਪ੍ਰਤਿਸ਼ਤ ਭਾਗ ਪਾਣੀ ਹੈ। ਪਾਣੀ-ਪੀਣ, ਖਾਣਾ ਬਨਾਉਣ, ਨਹਾਉਣ, ਕੱਪੜੇ ਧੋਣ, ਬਰਤਨ ਧੋਣ, ਬਨਸਪਤੀ,ਫਸਲਾਂ ਨੂੰ ਪਾਲਣ, ਬਿਲਡਗਾਂ ਨੂੰ ਬਨਾਉਣ ਆਦਿ ਸੈਂਕੜੇ ਕੰਮਾਂ ਵਿਚ ਵਰਤਿਆ ਜਾਂਦਾ ਹੈ। ਕਿਉਕਿ ਪਾਣੀ ਜੀਵਨ ਲਈ ਜਰੂਰੀ ਹੈ ਇਸ ਲਈ ਪਾਣੀ ਲਈ ਪ੍ਰਾਚੀਨ ਕਾਲ ਤੋਂ ਹੀ ਜੰਗਾਂ ਤੇ ਯੁੱਧ ਹੁੰਦੇ ਆਏ ਹਨ।

ਭਾਰਤ ਵਿਚ ਇਕ ਸ਼ਾਕਯ ਵੰਸ ਦਾ ਰਾਜਾ ਸਿਸੋਧਨ ਸੀ, ਸ਼ਾਕਯ ਰਾਜ ਦੇ ਨਾਲ ਹੀ ਕੋਲੀਆ ਵੰਸ਼ ਦਾ ਰਾਜ ਲਗਦਾ ਸੀ। ਰੋਹਿਣੀ ਨਾਂ ਦੀ ਨਦੀ, ਦੋਹਾਂ ਰਾਜਾਂ ਦੇ ਵਿਚਕਾਰ ਦੀ ਵਹਿੰਦੀ ਸੀ। ਨਦੀ ਦੇ ਪਾਣੀ ਦੀ ਵੰਡ ਤੋਂ ਹਰ ਫਸਲ ਉਤੇ ਦੋਹਾਂ ਰਾਜਾਂ ਦਾ ਝਗੜਾ ਹੁੰਦਾ ਕਿ ਪਾਣੀ ਦਾ ਪਹਿਲਾਂ ਕੌਣ ਤੇ ਕਿੰਨਾ ਇਸਤੇਮਾਲ ਕਰੇਗਾ। ਇਕ ਵਾਰ ਇਹ ਝਗੜਾ ਗੰਭੀਰ ਰੂਪ ਧਾਰ ਗਿਆ। ਦੋਹਾਂ ਰਾਜਾਂ ਨੇ ਇਹ ਫੈਸਲਾ ਕਰ ਲਿਆ ਕਿ ਹਰ ਸਾਲ ਦਾ ਇਹ ਝਗੜਾ ਕਿਉ ਨਾ ਯੁੱਧ ਰਾਹੀਂ ਸਦਾ ਵਾਸਤੇ ਹੱਲ ਕਰ ਲਿਆ ਜਾਵੇ।

ਸ਼ਾਕਯ ਦੇ ਸੈਨਾਪਤੀ ਨੇ ਕੋਲੀਆਂ ਦੇ ਖਿਲਾਫ ਯੁੱਧ ਛੇੜਨ ਦਾ ਮਤਾ ਪਾਸ ਕਰਾਉਣ ਲਈ, ਸ਼ਾਕਯ ਸੰਘ (ਪਾਰਲੀਮੈਂ) ਦੀ ਇਕ ਮੀਟਿੰਗ ਬੁਲਾਈ। ਸੈਨਾਪਤੀ ਨੇ ਯੁੱਧ ਛੇੜਨ ਦਾ ਮਤਾ ਰੱਖਿਆ। ਰਾਜਾ ਸਿਸੋਧਨ ਦੇ ਪੁੱਤਰ ਸਿਧਾਰਥ ਗੌਤਮ ਨੇ ਯੁੱਧ ਦੇ ਮਤੇ ਦਾ ਵਿਰੋਧ ਕੀਤਾ। ਉਸ ਕਿਹਾ ਕਿ ਪਾਣੀ ਦਾ ਮਾਮਲਾ ਦੋਹਾਂ ਧਿਰਾਂ ਦੁਆਰਾ ਸਲਾਹ ਮਸ਼ਵਰੇ ਰਾਹੀਂ ਹੱਲ ਹੋਣਾ ਚਾਹੀਦਾ ਹੈ। ਸਿਧਾਰਥ ਗੌਤਮ ਨੇ ਸੁਝਾਅ ਦਿੱਤਾ ਕਿ ਇਕ ਪੰਜ ਮੈਂਬਰੀ ਪੰਚਾਇਤ ਬਣਾ ਕੇ ਕੋਲੀਆਂ ਨਾਲ ਪਾਣੀ ਦੇ ਝਗੜੇ ਦਾ ਨਿਪਟਾਰਾ ਕਰ ਲਿਆ ਜਾਵੇ ਕਿਉਕਿ ਸ਼ਾਕਯ ਤੇ ਕੋਲੀਆਂ ਆਪਸ ਵਿਚ ਨਜ਼ਦੀਕੀ ਰਿਸ਼ਤੇਦਾਰ ਹਨ। ਇਸੀ ਲਈ ਯੁੱਧ ਕਰਕੇ ਖੂਨ ਖਰਾਬਾ ਕਰਨਾ ਕੋਈ ਸਿਆਣਪ ਨਹੀਂ ਹੈ।

ਸੈਨਾਪਤੀ ਨੇ ਕਿਹਾ, ''ਕਸ਼ੱਤਰੀ ਦਾ ਧਰਮ, ਯੁੱਧ ਕਰਨਾ ਹੈ, ਇਹ ਸ਼ਾਸ਼ਤਰਾਂ ਦੀ ਆਗਿਆ ਹੈ।'' ਸਿਧਾਰਥ ਕਿਹਾ, ''ਧਰਮ ਤਾਂ ਇਸ ਗੱਲ ਵਿੱਚ ਹੈ ਕਿ ਵੈਰ ਕਦੇ ਵੈਰ ਨਾਲ ਖਤਮ ਨਹੀਂ ਹੁੰਦਾ, ਇਹ ਤਾਂ ਮਿਤ੍ਰਤਾ ਨਾਲ ਹੀ ਖਤਮ ਹੁੰਦਾ ਹੈ।'' ਸੈਨਾਪਤੀ ਨੇ ਡਟ ਕੇ ਸਿਧਾਰਥ ਦਾ ਵਿਰੋਧ ਕਰਦਿਆਂ ਕਿਹਾ, ''ਯੁੱਧ ਵਿਚ ਕਸ਼ੱਤਰੀਆਂ ਲਈ ਕੋਈ ਆਪਣਾ ਪਰਾਇਆ ਨਹੀਂ। ਆਪਣੇ ਹੱਕ ਲਈ ਲੜਨਾ ਹੀ ਕਸ਼ੱਤਰੀਆਂ ਦਾ ਧਰਮ ਹੈ।''

ਮਤੇ ਦੇ ਪੱਖ ਅਤੇ ਵਿਰੋਧ ਵਿਚ ਵੋਟਾਂ ਪਈਆਂ। ਬਹੁ-ਗਿਣਤੀ ਵੋਟ ਯੁੱਧ ਛੇੜਨ ਦੇ ਹੱਕ ਵਿਚ ਪਏ। ਪਰ ਸਿਧਾਰਥ ਗੌਤਮ ਯੁੱਧ ਦੇ ਵਿਰੋਧ ਵਿਚ ਅੜੇ ਰਹੇ। ਸੈਨਾਪਤੀ ਨੇ ਸ਼ਾਕਯ ਸੰਘ (ਪਾਰਲੀਮੈਂਟ) ਦੇ ਨੇਮਾਂ ਦਾ ਉਲੰਘਣ ਕਰਨ ਦੇ ਦੋਸ਼ ਵਿਚ, ਸਿਧਾਰਥ ਨੂੰ ਸਜ਼ਾ ਦੇਣ ਲਈ ਤਿੰਨ ਸਜਾਵਾਂ ਰੱਖਦਿਆ ਕਿਹਾ, ''1. ਸਿਧਾਰਥ ਯੁੱਧ ਵਿਚ ਹਿੱਸਾ ਲੈ ਸਕਦਾ ਹੈ। 2. ਸਿਧਾਰਥ ਆਪਣੇ ਪਰਿਵਾਰ ਦੇ ਮੈਂਬਰਾਂ ਦਾ ਸਮਾਜਿਕ ਬਾਈਕਾਟ ਤੇ ਜਾਇਦਾਦ ਜਬਤ ਕਰਾਵਾ ਸਕਦਾ ਹੈ। 3. ਸਿਧਾਰਥ ਫਾਂਸੀ ਤੇ ਲਟਕਣਾ ਜਾਂ ਦੇਸ਼ ਨਿਕਾਲਾ ਕਬੂਲ ਕਰ ਸਕਦਾ ਹੈ। ਸੈਨਾਪਤੀ ਨੇ ਸਿਧਾਰਥ ਨੂੰ ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਸਜਾ ਕਬੂਲ ਕਰਨ ਲਈ ਕਿਹਾ।''

ਪ੍ਰਵਾਰਿਕ ਸਬੰਧੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸਿਧਾਰਥ ਨੇ ਦੇਸ਼ ਤੋਂ ਬਾਹਰ ਜਾਣਾ ਇਸ ਲਈ ਕਬੂਲ ਕਰ ਲਿਆ ਕਿਉਕਿ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੀ ਖਾਤਰ ਉਨ੍ਹਾਂ ਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਹੋਵੇ, ਜਾਂ ਉਨ੍ਹਾਂ ਦੇ ਪਰਿਵਾਰ ਦੇ ਖੇਤ ਜਾਇਦਾਦ ਜਬਤ ਹੋਣ ਤੇ ਪਰਿਵਾਰ ਰੋਟੀ-ਰੋਜ਼ੀ ਤੋਂ ਜਾਂਦਾ ਰਹੇ। ਯੁੱਧ ਕਰਨ ਤੋਂ ਉਹ ਪਹਿਲਾਂ ਹੀ ਇਨਕਾਰ ਕਰ ਚੁੱਕੇ ਸਨ ਕਿ ਮਰ ਗਏ ਤਾਂ ਪਰਲੋ! ਇਸ ਲਈ ਸਜ਼ਾ ਵਜੋਂ ਸਿਧਾਰਥ ਨੇ ਦੇਸ਼ ਛੱਡ ਦਿੱਤਾ।

ਸਿਧਾਰਥ ਦੇਸ਼ ਤਿਆਗਣ ਤੋ ਬਾਅਦ ਖੋਜ ਵਿਚ ਲੱਗ ਗਏ ਕਿ ਕਿਹੜੀ ਗੱਲ ਹੈ ਜੋ ਭਰਾ, ਭਰਾ ਨੂੰ ਇਕ ਦੂਜੇ ਦੇ ਖੂਨ ਦਾ ਪਿਆਸਾ ਬਣਾ ਦਿੰਦੀ ਹੈ। ਉਨ੍ਹਾਂ ਲਗਾਤਾਰ 6 ਸਾਲ ਤੱਕ ਜੀਵਨ ਦਾ ਵਿਸ਼ਲੇਸ਼ਣ ਕੀਤਾ, ਪਿੱਪਲ ਦੇ ਦਰਖਤ ਥੱਲੇ ਸਿਧਾਰਥ ਅਜੇ ਖੋਜ਼ ਵਿਚ ਮਗਨ ਸੀ ਕਿ ਸੁਜਾਤਾ ਨਾਂ ਦੀ ਇਸਤ੍ਰੀ ਖੀਰ ਦਾ ਥਾਲ ਲੈ ਕੇ ਉਸ ਦਰਖਤ ਵਲ੍ਹ ਆਈ ਜਿਥੇ ਸਿਧਾਰਥ ਬੈਠਾ ਸੁੱਕ ਕੇ ਤੀਲਾ ਹੋ ਗਿਆ ਸੀ। ਸੁਜਾਤਾ ਨੇ ਖੀਰ ਸਿਧਾਰਥ ਦੇ ਮੂੰਹ ਵਿਚ ਪਾਈ। ਸਿਧਾਰਥ ਨੇ ਖੀਰ ਨੂੰ ਗ੍ਰਹਿਣ ਕੀਤਾ। ਭੋਜਨ ਪਾਉਣ ਤੋਂ ਬਾਅਦ ਸਿਧਾਰਥ ਪੂਰੇ ਹੋਸ਼ ਹਵਾਸ ਵਿੱਚ ਆ ਗਏ। ਸਿਧਾਰਥ ਨੂੰ ਗਿਆਨ ਹੋਇਆ ਕਿ ਸੁਜਾਤਾ ਉਸ ਦੇ ਮੂੰਹ ਵਿੱਚ ਖੁਰਾਕ ਨਾ ਪਾਉਦੀ ਤਾਂ ਉਸ ਮਰ ਜਾਣਾ ਸੀ ਤੇ ਆਪ ਮਰੇ-ਜਗ ਪਰਲੋ। ਇਸ ਲਈ ਬੰਦਾ ਹੀ ਬੰਦੇ ਦਾ ਦਾਰੂ ਹੈ। ਮਾਨਵ ਹੀ ਸੱਚ ਹੈ, ਸਭ ਕੁੱਝ ਮਾਨਵ ਵਿਚ ਹੈ ਤੇ ਸਭ ਕੁੱਝ ਮਾਨਵ ਲਈ ਹੈ। ਬੱਸ! ਪਾਣੀ ਤੋਂ ਪੈਦਾ ਹੋਏ ਯੁੱਧ ਤੇ ਯੁੱਧ ਤੋਂ ਪੈਦਾ ਹੋਏ ਵਿਵਾਦ ਨੇ ਹੀ ਸਿਧਾਰਥ ਗੌਤਮ ਨੂੰ ਮਹਾਨ ਤਥਾਗਤ ਬੁੱਧ ਬਣਾ ਦਿੱਤਾ, ਜੋ ਏਸ਼ੀਆ ਦਾ ਚਾਨਣ ਹੀ ਨਹੀ, ਅੱਜ ਸੰਸਾਰ ਦਾ ਸੂਰਜ ਬਣ ਸਮੁੱਚੀ ਮਨੁੱਖਤਾ ਨੂੰ ਚਾਨਣ ਵਿਖੇਰ ਰਿਹਾ ਹੈ। ਤੀਜੀ ਸੰਸਾਰ ਜੰਗ ਨਾ ਹੋਵੇ, ਇਸ ਲਈ ਯੂ.ਐਨ. ਓ. ਨੇ ਬੁੱਧ ਦੇ ਪੰਚਸ਼ੀਲ ਮੱਧਿਅਮ ਮਾਰਗ ਨੂੰ ਅਪਨਾਇਆ ਹੋਇਆ ਹੈ।

---

ਗੁਰੂ ਰਵਿਦਾਸ ਜੀ ਇਕ ਵਾਰ ਕੁੰਭ ਮੇਲੇ ਮੌਕੇ ਗੰਗਾ ਨਦੀ ਉੱਤੇ ਸਾਥੀਆਂ ਨੂੰ ਸਾਥ ਲੈ ਇਸ਼ਨਾਨ ਕਰਨ ਗਏ। ਗੰਗਾ ਨਦੀ ਕਿਨਾਰੇ ਜਦ ਗੁਰੂ ਜੀ ਪ੍ਰਵਚਨ ਕਰ ਰਹੇ ਸੀ ਤਾਂ ਪ੍ਰੋਹਿਤਾਂ ਨੇ ਆ ਕੇ ਹੂ-ਹੱਲਾ ਮਚਾ ਦਿੱਤਾ ਕਿ ਇੱਕ ਅਛੂਤ ਚੰਡਾਲ ਸਤਸੰਗ ਨਹੀਂ ਕਰ ਸਕਦਾ? ਉਹ ਵੀ ਗੰਗਾ ਘਾਟ ਉੱਤੇ ਤਾਂ ਹਰਗਿਜ ਨਹੀ ਹੋ ਸਕਦਾ? ਗੁੱਸੇ 'ਚ ਪ੍ਰੋਹਿਤ ਮੁਖੀ ਨੇ ਕਿਹਾ, ''ਰਵਿਦਾਸ ਅਛੂਤ ਚੰਡਾਲ! ਤੂੰ ਗੰਗਾ ਮਾਤਾ ਨੂੰ ਅਪਵਿੱਤਰ ਕੀਤਾ ਹੈ, ਇਸ ਦੀ ਤੈਨੂੰ ਸਜ਼ਾ ਜਰੂਰ ਮਿਲੇਗੀ।''

ਗੁਰੂ ਰਵਿਦਾਸ ਜੀ ਨੇ ਪੁੱਛਿਆ, ''ਪੰਡਿਤ ਜੀ, ਇਹ ਗੰਗਾਂ ਤੁਹਾਡੀ ਆ?'' ''ਹਾਂ ਸਾਡੀ ਆ'' ''ਤੁਸੀ ਗੰਗਾਂ ਨੂੰ ਪੈਦਾ ਕੀਤਾ ਹੈ?'' ਪ੍ਰੋਹਿਤ ਕੋਈ ਜਵਾਬ ਨਾ ਦੇ ਸਕਿਆ।

''ਪੰਡਿਤ ਜੀ, ਇਹ ਸਾਰੀ ਸਰਿਸ਼ਟੀ ਪ੍ਰਾਕਿਰਤਕ ਹੈ। ਸਰਿਸ਼ਟੀ ਦੀ ਸਿਰਜਨਾ ਅਤੇ ਵਿਕਾਸ ਵਿੱਚ ਪਾਣੀ ਦਾ ਮੁੱਖ ਯੋਗਦਾਨ ਹੈ। ਸਮੁੱਚੀ ਬਨਸਪਤੀ ਪਾਣੀ ਦੀ ਪੈਦਾਵਾਰ ਹੈ। ਪਾਣੀ ਤੋਂ ਬਿਨਾਂ ਇਹ ਜੀਵ ਜੰਤੂ, ਪੇੜ ਪੌਦੇ ਜਿੰਦਾ ਨਹੀਂ ਰਹਿ ਸਕਦੇ? ਪਾਣੀ ਦੇ ਪ੍ਰਤਾਪ ਕਾਰਨ ਹੀ ਇਹ ਸਰਿਸ਼ਟੀ ਹਰੀ ਭਰੀ ਹੋਈ ਹੈ।



ਐਸ ਐਲ ਵਿਰਦੀ ਐਡਵੋਕੇਟ
ਮੋ. 98145 17499
ਜੀ ਟੀ ਰੋਡ, ਸਿਵਲ ਕੋਰਟਸ, ਫਗਵਾੜਾ

ਪਾਣੀ ਦੀ ਪੂਰਤੀ ਲਈ ਮਨੁੱਖ ਤੇ ਹੋਰ ਪ੍ਰਾਣੀ, ਪਾਣੀ ਦੇ ਨਜ਼ਦੀਕ ਰਹਿੰਦੇ ਹਨ। ਪੁਰਾਣੇ ਸ਼ਹਿਰਾਂ ਦਾ ਦਰਿਆਵਾਂ ਦੇ ਕੰਢੇ ਵਸੇ ਹੋਣ ਦਾ ਕਾਰਣ ਵੀ ਪਾਣੀ ਹੀ ਹੈ। ਕਾਸ਼ੀ ਬਨਾਰਸ ਅਤੇ ਹੋਰ ਸਭ ਨਗਰ ਪਾਣੀ ਲਈ ਹੀ ਗੰਗਾ ਦਰਿਆ 'ਤੇ ਵਸੇ ਹੋਏ ਹਨ। ਸਾਰੇ ਨਾਗਰਿਕ ਹੀ ਨਹੀ, ਜਾਨਵਰ ਜਨੌਰ ਵੀ ਗੰਗਾ ਤੋਂ ਹੀ ਪਾਣੀ ਪੀਂਦੇ ਹਨ। ਫਿਰ ਦਲਿਤਾਂ ਨੂੰ ਗੰਗਾ ਤੋਂ ਪਾਣੀ ਪੀਣ ਤੋਂ ਪ੍ਰਹਿਤ ਕਿਵੇਂ ਰੋਕ ਸਕਦੇ ਹਨ? ਤੁਸੀ ਦਲਿਤਾਂ ਨੂੰ ਛੱਪੜਾਂ, ਢਾਬਾ ਵਿੱਚੋਂ ਗੰਦਾ ਪਾਣੀ ਪੀਣ ਲਈ ਕਿਉ ਪਾਬੰਦ ਕਰਦੇ ਹੋ, ਕੁਦਰਤ ਕਿਸੇ ਉਤੇ ਕੋਈ ਪਾਬੰਦੀ ਨਹੀ ਲਾਉਂਦੀ? ਸੂਰਜ ਕਿਸੇ ਨੂੰ ਧੁੱਪ ਲੈਣ ਤੋਂ ਨਹੀਂ ਰੋਕਦਾ। ਚੰਦਰਮਾ ਕਿਸੇ ਨੂੰ ਰੋਸ਼ਨੀ ਤੋਂ ਨਹੀ ਰੋਕਦਾ। ਹਵਾ ਕਿਸੇ ਨੂੰ ਸਾਹ ਲੈਣ ਤੋਂ ਨਹੀ ਰੋਕਦੀ। ਧਰਤੀ ਕਿਸੇ ਨੂੰ ਆਣ-ਜਾਣ ਤੋਂ ਨਹੀ ਰੋਕਦੀ। ਇਹ ਸਭ ਦਰਿਆ, ਚਸ਼ਮੇ ਗੰਗਾਂ ਵੀ ਕੁਦਰਤ ਦਾ ਹੀ ਵਰਦਾਨ ਹਨ। ਕੁਦਰਤ ਕਿਸੇ ਨੂੰ ਪਾਣੀ ਪੀਣ ਜਾਂ ਨਹਾਉਣ ਤੋਂ ਨਹੀ ਰੋਕਦੀ। ਫਿਰ ਗੰਗਾ ਦਲਿਤਾਂ ਦੇ ਇਸ਼ਨਾਨ ਕਰਨ ਨਾਲ ਭਿੱਟ ਕਿਵੇਂ ਹੋ ਗਈ, ਇਹ ਸਭ ਪ੍ਰੋਹਿਤਾਂ ਦੀਆਂ ਮਿੱਥਾਂ ਹਨ।'' ਪ੍ਰੋਹਿਤ, ਗੁਰੂ ਰਵਿਦਾਸ ਜੀ ਦੇ ਸੱਚ ਦਾ ਸਾਹਮਣਾ ਨਾ ਕਰ ਸਕੇ। ਪ੍ਰੋਹਿਤ ਨੀਵੀਆਂ ਪਾ ਉਥੋਂ ਵਾਪਸ ਚਲੇ ਗਏ। ਗੰਗਾਂ ਤੋਂ ਦਲਿਤਾਂ ਨੂੰ ਪਾਣੀ ਪੀਣ ਦਾ ਅਧਿਕਾਰ ਦਿਵਾਉਣ ਤੇ ਗੁਰੂ ਜੀ ਬੇਗਮਪੁਰਾ ਦੇ ਸਿਰਜਨਹਾਰੇ ਬਣ ਗਏ।

---

ਮਹਾਂਰਾਸ਼ਟਰ ਰਾਜ ਵਿਚ ਅਪ੍ਰੈਲ-ਮਈ, ਮਹੀਨੇ ਸਖ਼ਤ ਗਰਮੀ ਨਾਲ ਦਲਿਤਾਂ ਦੇ ਖੂਹ ਸੁੱਕ ਜਾਂਦੇ ਹਨ। ਇਕ ਵਾਰ 1868 ਦੀ ਗੱਲ ਆ ਕਿ ਦਲਿਤਾਂ ਦੇ ਖੀਹ ਸੁਕ ਗਏ, ਪਾਣੀ ਖੁਣੋ ਉਨ੍ਹਾਂ ਦੇ ਜਾਨਵਰ ਮਰਨ ਲੱਗ ਪਏ। ਪਿਆਸ ਬੁਝਾਉਣ ਤੇ ਖਾਣਾਂ ਬਣਾਉਣ ਲਈ ਦਲਿਤ ਪਾਣੀ ਲਈ ਥਾਂ ਥਾਂ ਉਤੇ ਵਿਲਕਦੇ ਫਿਰਨ, ਉਚਜਾਤੀਆਂ ਅੱਗੇ ਲੇਲ੍ਹੜੀਆਂ ਕੱਢਣ, ਪਰ ਉਚਜਾਤੀਏ ਡਾਂਗਾਂ ਉਠਾ ਦਲਿਤਾਂ ਭਜਾ ਦੇਣ।

ਜੋਤੀ ਰਾਓ ਫੂਲੇ ਦੇ ਸਾਥੀ ਨਾਮਦੇਵ ਤੋਂ ਅੱਖੀ ਵੇਖ ਇਹ ਦੁਖਾਂਤ ਜਰਿਆ ਨਾ ਗਿਆ। ਉਸ ਫੂਲੇ ਨੂੰ ਕਿਹਾ, ''ਇਸ ਵਾਰ ਬਰਸਾਤ ਲੇਟ ਹੋਣ ਕਾਰਨ ਮੀਂਹ ਨਹੀ ਪਏ, ਦਲਿਤਾਂ ਦੇ ਖੂਹ ਸੁੱਕ ਗਏ ਹਨ। ਉਨ੍ਹਾਂ ਦੇ ਜਾਨਵਰ ਪਾਣੀ ਖੁਣੋਂ ਮਰ ਰਹੇ ਹਨ, ਦਲਿਤ ਪਾਣੀ ਲਈ ਤਰਾਹ-ਤਰਾਹ ਤੜਫਦੇ ਹਨ। ਫੂਲੇ ਜੀ, ਦਲਿਤਾਂ ਦੀ ਦਾਸਤਾਨ ਦਾ ਕੋਈ ਹਲ ਲੱਭੋ? ਕੋਈ ਅੰਦੋਲਨ ਕਰੋ। ਸਵਿਤਰੀ ਬਾਈ ਨੇ ਵਿੱਚੋਂ ਹੀ, ਗੱਲ ਨੂੰ ਕੱਟਦਿਆਂ ਕਿਹਾ, ''ਜੀ, ਆਹ ਆਪਣਾ ਖੂਹ ਆ, ਚਲੋਂ ਆਪਾਂ ਦਲਿਤਾਂ ਨੂੰ ਪਾਣੀ ਲੈਣ ਲਈ ਸੱਦਕੇ ਲਿਆਈਏ।''

''ਹਾਂ ਨਾਮਦੇਵ, ਅੰਦੋਲਨ ਲੰਬਾ ਕੰਮ ਹੈ। ਦਲਿਤਾਂ ਨੂੰ ਪਾਣੀ ਦੀ ਹੁਣੇ ਲੋੜ ਹੈ। ਫੂਲੇ, ਨਾਮਦੇਵ, ਸਵਿਤਰੀ ਦਲਿਤ ਬਸਤੀ ਵਿੱਚ ਗਏ, ਸਵਿਤਰੀ ਬਾਈ ਕਿਹਾ, ''ਬਾਪੂ ਜੀ, ਅਸੀਂ ਤੁਹਾਨੂੰ ਆਪਣੇ ਖੂਹ ਤੋਂ ਪਾਣੀ ਭਰਨ ਲਈ ਲੈਣ ਆਏ ਹਾਂ, ਚਲੋ ਸਾਡੇ ਸਾਥ।'' ਫੂਲੇ ਨੇ ਆਪਣੇ ਘਰ ਦੇ ਖੂਹ ਤੋਂ ਦਲਿਤਾਂ ਨੂੰ ਪਾਣੀ ਭਰਨ ਦੇਣ ਲਈ ਇੱਕ ਅਪਾਹਜ਼ ਬੱਚੇ ਨੂੰ ਕੁੱਛੜ ਚੁੱਕ ਘਰ ਨੂੰ ਵਾਪਸ ਤੁਰ ਪਏ। ਜੋਤੀਬਾ-ਸਵਿਤਰੀ ਫੂਲੇ ਨੇ ਆਪਣਾ ਖੂਹ ਦਲਿਤਾਂ ਲਈ ਖੋਲ੍ਹ ਦਿੱਤਾ। ਦਲਿਤ ਸਾਫ਼ ਪਾਣੀ ਪੀ ਪੀ ਕੇ ਪਾਣੀ...ਪਾਣੀ...ਬੋਲ ਖੁਸ਼ੀ 'ਚ ਨੱਚਣ-ਗਾਉਣ ਲੱਗ ਪਏ।

ਮਹਾਨ ਮਾਤਾ ਸਵਿਤਰੀ ਕਿਹਾ, ''ਭੈਣੋ ਤੇ ਭਰਾਵੋਂ, ਇਹ ਖੂਹ ਹੁਣ ਸਭ ਦਾ ਹੈ। ਬਿਨਾ ਝਿਜ਼ਕ ਜਦੋਂ ਮਰਜ਼ੀ ਇਥੇ ਆ ਕੇ ਪਾਣੀ ਭਰਦੇ ਰਹਿਣਾ।'' ਨਾਹਰੇ-ਜੋਤੀ ਰਾਓ-ਸਵਿਤਰੀ ਜੋੜੀ-ਜਿੰਦਾਬਾਦ! ਜਿੰਦਾਬਾਦ!

ਦਲਿਤ-ਔਰਤਾਂ ਦੇ ਮਸੀਹਾ-ਜੋਤੀ ਰਾਓ-ਸਵਿਤਰੀ ਬਾਈ-ਜਿੰਦਾਬਾਦ! ਜਿੰਦਾਬਾਦ!!

ਦਲਿਤਾਂ ਨੂੰ ਪਾਣੀ ਪਿਆਉਣ ਨੇ ਜੋਤੀ ਰਾਓ ਫੂਲੇ ਤੇ ਸਵਿਤਰੀ ਬਾਈ ਨੂੰ ਭਾਰਤ ਦੇ ਰਾਸ਼ਟਰ ਨਿਰਮਾਤਾ ਬਣਾ ਦਿੱਤਾ।

---

ਮਹਾਂਰਾਸ਼ਟਰ ਦੇ ਸ਼ਹਿਰ ਮਹਾਡ ਵਿਖੇ 'ਆਮ ਚੌਦਾਰ ਤਲਾਬ' ਤੋਂ ਦਲਿਤਾਂ ਦੇ ਪਾਣੀ ਪੀਣ ਦੀ ਮਨਾਹੀ ਸੀ। ਦਲਿਤਾਂ ਨੂੰ ਛੱਪੜਾਂ 'ਚੋਂ ਗੰਦਾ ਪਾਣੀ ਪੀਣ ਲਈ ਮਜ਼ਬੂਰ ਕੀਤਾ ਜਾਂਦਾ, ਜਦ ਕਿ ਕੁੱਤੇ, ਬਿੱਲੇ, ਪੰਛੀ ਆਮ ਚੌਦਾਰ ਤਲਾਬ ਤੋਂ ਸਾਫ਼ ਪਾਣੀ ਪੀ ਸਕਦੇ, ਤੇ ਤਲਾਬ ਵਿਚ ਨਹਾਅ ਸਕਦੇ ਸਨ। ਇਸ ਅਮਾਨਵੀ ਵਰਤਾਰੇ ਵਿਰੁੱਧ ਡਾ. ਅੰਬੇਡਕਰ ਨੇ 20 ਮਾਰਚ 1927 ਨੂੰ 10 ਹਜਾਰ ਤੋਂ ਵੱਧ ਦਲਿਤਾਂ ਨੂੰ ਸਾਥ ਲੈ ਅੰਦੋਲਨ ਸ਼ੁਰੂ ਕਰ ਦਿੱਤਾ। ਮੋਰਚੇ 'ਚ ਸ਼ਾਮਲ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਅੰਬੇਡਕਰ ਨੇ ਕਿਹਾ, ''ਸਾਥੀਓ, ਮੈਂ ਮਹਾਡ ਤਲਾਬ' ਤੋਂ ਦਲਿਤਾਂ ਦੇ ਪਾਣੀ ਪੀਣ ਲਈ ਬੰਬਈ ਕੌਂਸਲ ਵੱਲੋਂ ਮਤਾ ਪਾਸ ਕਰਵਾ ਲਿਆ ਹੈ। ਆਮ ਚੌਦਾਰ ਤਲਾਬ ਤੋਂ ਸਾਫ਼ ਪਾਣੀ ਨਾ ਪੀਣ ਦੀ ਦਲਿਤਾਂ ਉਤੇਂ ਲੱਗੀ ਪਾਬੰਦੀ ਹਟਵਾ ਦਿੱਤੀ ਹੈ, ਆਪਾਂ ਹੁਣ ਉਥੋਂ ਸਾਫ ਪਾਣੀ ਪੀ ਸਕਦੇ ਹਾਂ। ਪਰ ਆਪਾਂ ਨੂੰ ਉਚ ਜਾਤੀਆਂ ਨੇ ਪਾਣੀ ਪੀਣ ਨਹੀ ਦੇਣਾ, ਪਾਣੀ ਪੀਣ ਲਈ ਆਪਾਂ ਨੂੰ ਸੰਘਰਸ਼ ਕਰਨਾ ਪੈਣਾ ਹੈ। ''

ਉਨ੍ਹਾਂ ਦਲਿਤਾਂ ਨੂੰ ਹਲੂਣ ਦਿਆ ਕਿਹਾ, ''ਭਰਾਵੋ, ਤੁਸੀਂ ਸਦੀਆਂ ਤੋਂ ਜੁਲਮਾਂ ਦੀ ਚੱਕੀ 'ਚ ਪਿਸ ਰਹੇ ਹੋ, ਤੁਸੀ ਵੀ ਇਨਸਾਨਾਂ ਵਰਗੇ ਇਨਸਾਨ ਹੋ, ਕੁੱਲੀ, ਗੁੱਲੀ, ਜੁੱਲੀ ਤੁਹਾਡਾ ਵੀ ਜਨਮ-ਸਿੱਧ ਅਧਿਕਾਰ ਹੈ। ਤੁਸੀ ਸ਼ੇਰ ਬਣੋ। ਬਲੀ ਤਾਂ ਕੇਵਲ ਭੇਡਾਂ ਬਕਰੀਆਂ ਦੀ ਦਿੱਤੀ ਜਾਂਦੀ ਹੈ, ਸ਼ੇਰਾਂ ਦੀ ਨਹੀਂ। ਅਜਿਹਾ ਨਹੀਂ, ਕਿ ਚੌਦਾਰ ਤਲਾਬ ਤੋਂ ਜੇ ਅਸੀਂ ਪਾਣੀ ਨਾ ਪੀਤਾ ਤਾਂ ਖਵਰੇ ਅਸੀਂ ਮਰ ਜਾਵਾਂਗੇ। ਭਰਾਵੋ, ਮੋਰਚਾ ਇਸ ਲਈ ਹੈ ਕਿ ਏਥੋਂ ਪਾਣੀ ਪੀਣ ਦਾ ਦਲਿਤਾਂ ਦਾ ਵੀ ਬਰਾਬਰ ਅਧਿਕਾਰ ਹੈ। ਅਸੀਂ ਹੁਣ ਇਸ ਥਾਂ ਤੋਂ ਚੌਦਾਰ ਤਲਾਬ ਤੱਕ ਮਾਰਚ ਕਰਾਂਗੇ। ਤਲਾਬ ਉਤੋਂ ਪਾਣੀ ਪੀਵਾਂਗੇ ਪਰ ਸਭ ਨੇ ਸ਼ਾਂਤ ਰਹਿਣਾ ਹੈ। ਕੋਈ ਕੁਝ ਆਖੇ, ਤੁਸੀਂ ਸ਼ਾਂਤ ਰਹਿਣਾ ਹੈ। ਅਸੀਂ ਸ਼ਾਂਤ ਰਹਿ ਕੇ ਇੱਥੇ ਤਲਾਬ ਤੋਂ ਪਾਣੀ ਪੀ ਕੇ ਜਾਵਾਂਗੇ।''

''ਭਰਾਵੋ, ਜੇਕਰ ਤੁਸੀਂ ਇੱਜ਼ਤ ਦਾ ਜੀਵਨ ਜਿਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਅਪਮਾਨ, ਲੁੱਟ ਅਤੇ ਦਮਨ ਵਿਰੁੱਧ ਸੰਘਰਸ਼ ਕਰਨਾ ਹੋਵੇਗਾ। ਭਰਾਵੋ, ਅਜ਼ਾਦੀ ਮੰਗਿਆਂ ਨਹੀਂ ਮਿਲਦੀ। ਅਪਮਾਨ ਭਰਿਆ ਜੀਵਨ ਜਿਉਣ ਨਾਲੋਂ ਮਰ ਜਾਣਾ ਹੀ ਚੰਗਾ ਹੈ। ਪਰ ਹਰ ਮਨੁੱਖ ਨੂੰ ਕੁਝ ਨਾ ਕੁੱਝ ਕਰਕੇ ਹੀ ਮਰਨਾ ਚਾਹੀਦਾ ਹੈ।''

ਇਕ ਦਲਿਤ ਨੇ ਅੱਗੇ ਵਧ ਲਲਕਾਰਾ ਮਾਰਿਆਂ, ਸਾਫ਼ ਪਾਣੀ ਪੀਣਾ ਸਾਡਾ ਜਨਮ ਸਿੱਧ ਅਧਿਕਾਰ ਹੈ। ਅਸੀਂ ਤਲਾਬ ਤੋਂ ਪਾਣੀ-ਪੀ ਕੇ ਰਹਾਂਗੇ। ਪਾਣੀ-ਪੀ ਕੇ ਰਹਾਂਗੇ। ਆਪਣਾ ਅਧਿਕਾਰ-ਲੈ ਕੇ ਰਹਾਂਗੇ! ਲੈ ਕੇ ਰਹਾਂਗੇ!

ਦਲਿਤਾਂ ਦਾ ਸਮਾਨ ਅਧਿਕਾਰ ਅੰਦੋਲਨ ਦਾ ਕਾਫਲਾ ਅਮਨ ਅਮਾਨ ਨਾਲ ਚੌਦੁਆਰ ਤਲਾਬ ਉਤੇ ਪੁੱਜ ਗਿਆ। ਲੋਕ ਦੌੜ ਦੌੜ ਕੇ ਚੌਦੁਆਰ ਤਲਾਬ ਦੇ ਚਾਰੇ ਪਾਸਿਆਂ ਉਤੇ ਛਾਅ ਗਏ। ਡਾ, ਅੰਬੇਡਕਰ ਹੌਲੀ ਹੌਲੀ ਤਲਾਬ ਦੇ ਹੇਠਾ ਉਤਰੇ, ਉਨ੍ਹਾਂ ਨੇ ਨੀਵੇਂ ਹੋ ਕੇ ਚੌਦੁਆਰ ਤਲਾਬ ਵਿੱਚੋਂ ਪਾਣੀ ਦਾ ਬੁੱਕ ਭਰ ਕੇ ਆਪਣੇ ਮੂੰਹ ਨੂੰ ਲਾਇਆ ਤਾਂ ਲੋਕਾਂ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ-ਸਾਫ਼ ਪਾਣੀ ਪੀਣਾ ਸਾਡਾ ਜਨਮ ਸਿੱਧ ਅਧਿਕਾਰ ਹੈ। ਡਾ. ਅੰਬੇਡਕਰ ਸੰਘਰਸ਼ ਕਰੋ-ਅਸੀਂ ਤੁਹਾਡੇ ਨਾਲ ਹਾਂ।

ਫਿਰ ਕਿਨਾਰਿਆਂ ਉਤੇ ਖੜ੍ਹੇ ਦਲਿਤ ਇੱਕ ਦਮ ਪਾਣੀ ਲਈ ਥੱਲੇ ਨੂੰ ਉਤਰੇ। ਲੋਕ ਬੁੱਕ ਭਰ ਭਰ ਕੇ ਪਾਣੀ ਪੀਣ ਲੱਗੇ। ਕਈ ਪਾਣੀ ਪੀ ਕੇ ਹੱਸਦੇ ਹੋਏ ਉਚੀ ਉਚੀ ਨਾਹਰੇ ਮਾਰਨ ਕਿਉਕਿ ਉਨ੍ਹਾਂ ਨੂੰ ਸਾਫ ਪਾਣੀ ਪਹਿਲੀ ਵਾਰ ਮਿਲਿਆ ਸੀ। ਕਈਆਂ ਨੇ ਪਾਣੀ ਦੇ ਬੁੱਕ ਭਰ ਭਰਕੇ ਆਪਣੇ ਉਪਰ ਵੀ ਸੁੱਟੇ।

ਡਾ. ਅੰਬੇਡਕਰ ਤੇ ਉਨ੍ਹਾਂ ਦੇ ਸਾਥੀ ਪਾਣੀ ਪੀ ਕੇ ਚੌਦੁਆਰ ਤਲਾਬ ਤੋਂ ਬਾਹਰ ਆ ਵਾਪਸ ਪੰਡਾਲ ਵੱਲ੍ਹ ਤੁਰ ਪਏ, ਲੋਕ ਵੀ ਉਨ੍ਹਾਂ ਦੇ ਪਿੱਛੇ ਤੁਰ ਪਏ। ਪਿੱਛੋਂ ਉਚਜਾਤੀ ਮਨੂੰਵਾਦੀਆਂ ਨੇ ਲਾਠੀਆਂ ਨਾਲ ਦਲਿਤ ਨਿਹੱਥਿਆਂ 'ਤੇ ਹਮਲਾ ਕਰ ਦਿੱਤਾ। ਕਈਆਂ ਦੇ ਬਹੁਤ ਸੱਟਾਂ ਲੱਗੀਆਂ। ਦਲਿਤਾਂ ਜਿੱਥੇ ਆਪਣੇ ਲੋਕਾਂ ਵਾਸਤੇ ਖਾਣਾ ਤਿਆਰ ਕੀਤਾ ਸੀ ,ਉਥੇ ਕੁੱਝ ਆਦਮੀ ਡਾਂਗਾਂ ਲੈ ਕੇ ਆਏ ਤੇ ਉਨ੍ਹਾਂ ਦਲਿਤਾਂ ਦੀ ਕੁੱਟ ਮਾਰ ਕੀਤੀ, ਫਿਰ ਦਾਲਾਂ ਵਿੱਚ ਮਿੱਟੀ ਪਾ ਦਿੱਤੀ, ਰੋਟੀਆਂ ਖਿਲਾਰ ਦਿੱਤੀਆਂ। ਡਾਂਗਾਂ ਨਾਲ ਭਾਂਡੇ ਭੰਨ ਦਿੱਤੇ ਤੇ ਉਹ ਜੈਕਾਰੇ ਮਾਰਦੇ ਵਾਪਸ ਭੱਜ ਗਏ! ਡਾ. ਅੰਬੇਡਕਰ ਖੁੱਦ ਜ਼ਖ਼ਮੀ ਹੋ ਗਏ। ਇਸ ਦੇ ਬਾਵਜੂਦ ਵੀ ਉਨ੍ਹਾਂ ਦਲਿਤਾਂ ਨੂੰ 'ਆਮ ਚੌਦਾਰ ਤਲਾਬ' ਵਿਚੋਂ ਸਾਫ਼ ਪਾਣੀ ਪੀਣ ਦਾ ਅਧਿਕਾਰ ਲੈ ਕੇ ਦਿੱਤਾ। ਦਲਿਤਾਂ ਨੂੰ ਸਾਫ਼ ਪਾਣੀ ਪੀਣ ਦੇ ਅਧਿਕਾਰ ਨੇ ਡਾ. ਅੰਬੇਡਕਰ ਨੂੰ ਮਨੁੱਖਤਾ ਦੇ ਮਸੀਹਾ ਬਣਾ ਦਿੱਤਾ।

# ਖਿੱਚ ਲੈ ਪੰਜਾਬੀਆ, ਖਿੱਚ ਤਿਆਰੀ ਪੇਚਾ ਪੈ ਗਿਆ ਕੇਂਦਰ ਨਾਲ!



**ਬੁੱਧ ਬਾਣ/ ਬੁੱਧ ਸਿੰਘ ਨੀਲੋਂ**

ਪਿਆਰ, ਜੰਗ ਤੇ ਸਿਆਸਤ ਵਿੱਚ ਕੋਈ ਕਿਸੇ ਦਾ ਪੱਕਾ ਦੁਸ਼ਮਣ ਨਹੀਂ ਹੁੰਦਾ, ਹੁਣ ਧਰਮ ਵੀ ਇਸ ਵਿੱਚ ਸ਼ਾਮਲ ਹੋ ਗਿਆ ਹੈ। ਕਿਉਂਕਿ ਸੰਪਰਦਾਇਕਤਾ ਨੇ ਧਰਮ ਨੂੰ ਜੰਗ ਦਾ ਮੈਦਾਨ ਬਣਾ ਲਿਆ ਹੈ। ਧਾਰਮਿਕ ਸੰਸਥਾਵਾਂ ਉਤੇ ਕਬਜ਼ਾ ਸਿਆਸੀ ਪਾਰਟੀਆਂ ਦੇ ਆਗੂਆਂ ਹੋ ਗਿਆ ਹੈ। ਲੋਕਾਂ ਦੀ ਅੰਨ੍ਹੀ ਸ਼ਰਧਾ ਉਹਨਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਧਰਮ ਦੇ ਨਾਂ ਤੇ ਤੁਸੀਂ ਕੋਈ ਵੀ ਪਖੰਡ ਕਰ ਸਕਦੇ ਹੋ, ਤੁਸੀਂ ਮੁਨਾਫ਼ੇ ਵਿੱਚ ਰਹੋਗੇ। ਜਦੋਂ ਧਰਮ ਮੁਨਾਫ਼ੇ ਦਾ ਧੰਦਾ ਬਣ ਜਾਵੇ ਤਾਂ ਲੋਕਾਂ ਨੂੰ ਸਮਝ ਆਉਂਣੀ ਚਾਹੀਦੀ ਹੈ ਕਿ ਉਹ ਇਹਨਾਂ ਧਾਰਮਿਕ ਸਥਾਨਾਂ ਤੇ ਆਪਣੀ ਖ਼ੂਨ ਪਸੀਨੇ ਦੀ ਕਮਾਈ ਕਿਉਂ ਲੁਟਾ ਰਹੇ ਹਨ। ਇਹ ਸੱਚ ਹੈ ਮਨੁੱਖ ਨੇ ਬੀਜਿਆ ਹੀ ਵੱਢਣਾ ਹੁੰਦਾ ਹੈ। ਜੰਮਣਾ, ਜਿਉਣਾ ਤੇ ਮਰਨਾ ਇਹ ਜੀਵਨ ਦੀ ਤਿਕੋਣ ਹੈ। ਜਿਉਣਾ ਤੁਹਾਡੇ ਹੱਥ ਵਸ ਹੈ। ਸਮਾਜ ਵਿੱਚ ਆਰਥਿਕ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਕਾਣੀ ਵੰਡ ਨੇ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰ ਦਿੱਤਾ ਹੈ। ਜੁਗਾਂ ਜੁਗਾਂ ਤੋਂ ਬੜੇ ਦਾਨਿਸ਼ਵਰ ਲੋਕ ਆਏ, ਉਹਨਾਂ ਨੇ ਲੋਕਾਈ ਨੂੰ ਜਾਗ੍ਰਿਤ ਕਰਨ ਲਈ ਹਰ ਯਤਨ ਕੀਤਾ ਪਰ ਲੋਕ ਨਹੀਂ ਸਮਝੇ। ਉਹ ਧਰਮ, ਨਸਲ, ਜਾਤਾਂ ਤੇ ਫ਼ਿਰਕਿਆਂ ਵਿੱਚ ਵੰਡੇ ਗਏ। 1947 ਦਾ ਉਜਾੜਾ ਰਾਜਨੀਤਿਕ ਹੋਇਆ ਸੀ, ਕਿਸੇ ਆਮ ਆਦਮੀ ਨੇ ਦੇਸ਼ ਵੰਡ ਦੀ ਮੰਗ ਨਹੀਂ ਕੀਤੀ ਸੀ। ਇਹ ਤਾਂ ਜਿਨਾਹ ਤੇ ਨਹਿਰੂ ਦੀ ਮੰਗ ਸੀ। ਉਹਨਾਂ ਨੇ ਪ੍ਰਧਾਨ ਮੰਤਰੀ ਬਣਨਾ ਸੀ। ਲੋਕ ਉਜੜਦੇ ਹਨ, ਉਜੜ ਜਾਣ। ਦਿੱਲੀ ਤੋਂ ਪਰੇ ਕਿਸੇ ਨੂੰ ਹੁਣ ਤੱਕ ਪਤਾ ਨਹੀਂ ਕਿ ਦੇਸ਼ ਦੀ ਵੰਡ ਹੋਈ ਹੈ ਕਿ ਆਜ਼ਾਦੀ ਆਈ ਹੈ। ਇਹ ਵੰਡ ਨੂੰ ਆਜ਼ਾਦੀ ਆਖੀ ਜਾਂਦੇ ਹਨ। ਹੁਣ ਫੇਰ ਦੋਹਾਂ ਪਾਸਿਆਂ ਦੇ ਹਾਕਮਾਂ ਨੇ ਨੂਰਾ ਕੁਸ਼ਤੀ ਕੀਤੀ। ਦੋਵੇਂ ਪਾਸੇ ਦੇ ਪੰਜਾਬ ਦੇ ਲੋਕਾਂ ਦੇ ਸਾਹ ਸੂਤੇ ਰਹੇ। ਹੁਣ ਇਸ ਨੂਰਾ ਕੁਸ਼ਤੀ ਦਾ ਸੱਚ ਸਾਹਮਣੇ ਆ ਰਿਹਾ ਹੈ। ਹੁਣ ਕੋਈ ਨਵਾਂ ਸ਼ੋਸ਼ਾ ਛੱਡਿਆ ਜਾਵੇਗਾ ਅਤੇ ਪਿਛਲੇ ਨੂੰ ਭੁਲਾਇਆ ਜਾਵੇਗਾ। ਕਿਉਂਕਿ ਅਸੀਂ ਬੜੇ ਭੁਲੱਕੜ ਤੇ ਭੁਮੱਕੜ ਹਾਂ। ਪੰਜਾਬ ਦੇ ਭੁਮੱਕੜਾਂ ਨੂੰ ਨਜ਼ਰਅੰਦਾਜ਼ ਕਰਕੇ ਦਿੱਲੀ ਤੇ ਯੂਪੀ ਦੇ ਹਾਕਮ ਬਣਾ ਦਿੱਤੇ ਹਨ। ਉਧਰ ਪੰਜਾਬ ਵਿਰੋਧੀ ਤਾਕਤਾਂ ਨੇ ਧਰਮ ਦੀ ਮਿਜ਼ਾਇਲ ਚਲਾ ਦਿੱਤੀ ਹੈ। ਤਖਤਾਂ ਨੂੰ ਆਪਸ ਵਿੱਚ ਲੜਾ ਦਿੱਤਾ ਹੈ। ਹੁਣ ਦੋਵੇਂ ਪਾਸਿਓਂ ਸ਼ਬਦਾਂ ਦੀਆਂ ਮਿਜ਼ਾਇਲਾਂ ਦਾਗੀਆਂ ਜਾ ਰਹੀਆਂ ਹਨ। ਆਮ ਲੋਕਾਂ ਦੇ ਮਸਲਿਆਂ ਨੂੰ ਪੈਰਾਂ ਹੇਠ ਰੋਂਦਿਆਂ ਜਾ ਰਿਹਾ ਹੈ। ਆਮ ਲੋਕਾਂ ਨੂੰ ਰੋਟੀ ਦਾ ਫ਼ਿਕਰ ਲੱਗਿਆ ਹੋਇਆ। ਇਹਨਾਂ ਵਿਹਲੜਾਂ ਨੂੰ ਇੱਕ ਦੂਜੇ ਨਾਲ ਲੜਨ ਦਾ ਮੌਕਾ ਮਿਲਿਆ ਹੈ। ਦੁਨੀਆਂ ਵਿੱਚ ਪਹਿਲੀ ਤੇ ਦੂਜੀ ਜੰਗ ਵਿੱਚ ਓਨੇ ਲੋਕ ਨਹੀਂ ਮਰੇ, ਜਿੰਨੇ ਧਰਮ ਦੇ ਨਾਂ ਹੇਠਾਂ ਮਾਰੇ ਗਏ ਹਨ। ਧਰਮ ਲੋਕਾਂ ਦਾ ਨਿੱਜੀ ਮਾਮਲਾ ਹੈ ਪਰ ਇਸ ਧਾਰਮਿਕ ਸੰਪਰਦਾਇਕਾ ਨੇ ਜੰਗ ਦਾ ਮੈਦਾਨ ਬਣਾ ਲਿਆ ਹੈ। ਹੁਣ ਫੇਰ ਉਹੀ ਮਸੰਦ ਧਰਮ ਉਪਰ ਕਬਜ਼ਾ ਕਰ ਕੇ ਬਹਿ ਗਏ ਹਨ, ਜਿਹਨਾਂ ਮਸੰਦਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜੰਡਾਂ ਨਾਲ ਬੰਨ੍ਹ ਕੇ ਫੂਕਿਆ ਸੀ। ਹੁਣ ਪੰਜਾਬ ਨੂੰ ਉਜਾੜਨ ਲਈ ਹਰ ਪਾਸੇ ਤੋਂ ਹਮਲੇ ਹੋ ਰਹੇ ਹਨ। ਇਹਨਾਂ ਹਮਲਿਆਂ ਨੂੰ ਰੋਕਣ ਕ੍ਰਾਂਤੀਕਾਰੀ ਜਥੇਬੰਦੀਆਂ ਲੜਾਈ ਲੜ੍ਹ ਰਹੀਆਂ ਹਨ ਪਰ ਉਹ ਆਪੋ ਆਪਣੀ ਹਾਉਮੈ ਨੂੰ ਵੱਡਾ ਕਰਨ ਲਈ ਆਪਣੇ ਵਰਕਰਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਜਦੋਂ ਦੁਸ਼ਮਣ ਇੱਕ ਹੈ, ਮੰਗਾਂ ਸਾਂਝੀਆਂ ਹਨ ਫੇਰ ਮੋਰਚੇ ਵੱਖੋ ਵੱਖ ਕਿਉਂ ਲਗਾਏ ਹਨ। ਜਿਵੇਂ ਬਾਬੇ ਬਕਾਲੇ ਬਾਈ ਮੰਜੀਆਂ ਲਗਾ ਕੇ ਮਹੰਤ ਤੇ ਮਸੰਦ ਗੁਰੂ ਬਣ ਕੇ ਬਹਿ ਗਏ ਸਨ। ਪੰਜਾਬ ਦੇ ਲੋਕਾਂ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਦੀ ਹਾਲਤ ਇਉਂ ਹੀ ਨਜ਼ਰ ਆਉਂਦੀ ਹੈ। ਦੂਜੇ ਪਾਸੇ ਇਸ ਸਮੇਂ ਪੰਜਾਬ ਨੂੰ ਉਜਾੜਨ ਅਤੇ ਇਸ ਦੀ ਹੋਂਦ ਖ਼ਤਮ ਕਰਨ ਲਈ ਪੰਜਾਬ ਵਿਰੋਧੀ ਸ਼ਕਤੀਆਂ ਨੇ ਨਾਗਵਲ ਪਾ ਲਿਆ ਹੈ। ਸਿਆਸੀ ਪਾਰਟੀਆਂ ਨੂੰ ਉਜਾੜੇ ਨਾਲ ਕੋਈ ਸਰੋਕਾਰ ਨਹੀਂ। ਹਾਕਮਾਂ ਨੇ ਇਸ ਸਮੇਂ ਪੰਜਾਬ ਵਿੱਚ ਭਰਾ ਮਾਰੂ ਜੰਗ ਸ਼ੁਰੂ ਕਰ ਦਿੱਤੀ ਗਈ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿਚੋਂ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਆਪ ਵਿੱਚ ਉਲਝ ਗਈ ਹੈ। ਉਸਨੇ ਸ੍ਰੀ ਆਕਾਲ ਤਖ਼ਤ ਸਾਹਿਬ ਜੀ ਨਾਲ ਮੱਥਾ ਲਗਾ ਲਿਆ ਹੈ। ਸਿੱਖ ਧਰਮ, ਸ੍ਰੀ ਆਕਾਲ ਤਖ਼ਤ ਸਾਹਿਬ ਦੀ ਮਰਿਆਦਾ ਤੇ ਜੱਥੇਦਾਰਾਂ ਦਾ ਧਰਮ ਪ੍ਰਤੀ ਸੁਹਿਰਦਤਾ ਦਾਅ ਉੱਤੇ ਲੱਗ ਗਈ ਹੈ। ਸਿੱਖ ਵਿਰੋਧੀ ਤਾਕਤਾਂ ਸਰਗਰਮ ਹੋ ਗਈਆਂ ਹਨ। ਇੱਕ ਦੂਜੇ ਉਪਰ ਇਲਜ਼ਾਮ ਤਰਾਸ਼ੀ ਕੀਤੀ ਜਾ ਰਹੀ ਹੈ। ਇੱਕ ਦੂਜੇ ਉਪਰ ਚਿੱਕੜ ਸੁੱਟਿਆ ਜਾ ਰਿਹਾ ਹੈ। ਪੰਜਾਬ ਦੀਆਂ ਹੱਕੀ ਮੰਗਾਂ ਉਪਰ ਕਿਸੇ ਵੀ ਸਿਆਸੀ ਪਾਰਟੀ ਦਾ ਧਿਆਨ ਨਹੀਂ। ਪੰਜਾਬ ਨੂੰ ਆਰਥਿਕ ਤੌਰ ਕੰਮਜ਼ੋਰ ਕਰਨ ਲਈ ਮੰਡੀਆਂ ਵਿੱਚ ਕਿਸਾਨ ਰੋਲਿਆ ਜਾ ਰਿਹਾ। ਬੇਰੁਜ਼ਗਾਰ ਨੌਜਵਾਨਾਂ ਨੂੰ ਸੜਕਾਂ ਉੱਤੇ ਭਜਾ ਭਜਾ ਕੇ ਕੁੱਟਿਆ ਜਾ ਰਿਹਾ ਹੈ। ਪੰਜਾਬ ਵਿੱਚ ਪਹਿਲਾਂ ਦਲਿਤ ਭਾਈਚਾਰੇ ਨੂੰ ਜੱਟਾਂ ਵਿਰੁੱਧ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਸਫ਼ਲ ਨਾ ਹੋਈ ਤਾਂ ਹੁਣ ਭਈਏ ਤੇ ਪੰਜਾਬੀ ਮੁੱਦਾ ਉਭਾਰ ਦਿੱਤਾ ਹੈ। ਪੰਜਾਬ ਵਿਰੋਧੀ ਤਾਕਤਾਂ ਲਈ ਕੋਈ ਮਰੇ ਤੇ ਜੀਵੇ, ਉਹਨਾਂ ਲਈ ਕੋਈ ਫਰਕ ਨਹੀਂ। ਪਹਿਲਾਂ ਵੀ ਪੰਜਾਬ ਵਿਰੋਧੀ ਤਾਕਤਾਂ ਨੇ ਨੌਜਵਾਨਾਂ ਦਾ ਸ਼ਿਕਾਰ ਪੰਜਾਬ ਦੇ ਸਿਆਸੀ ਆਗੂਆਂ ਨਾਲ ਰਲ਼ ਕੇ ਖੇਡਿਆ ਸੀ। ਪੰਜਾਬ ਦੀ ਸਿਹਤ, ਸਿੱਖਿਆ, ਰੁਜ਼ਗਾਰ, ਵਿਦੇਸ਼ਾਂ ਨੂੰ ਜਾਣ ਵਾਲੀ ਬੌਧਿਕ ਸ਼ਕਤੀ ਤੇ ਸਰਮਾਇਆ ਤੇ ਦਿਨੋਂ ਦਿਨ ਖਰਾਬ ਹੋ ਰਹੀ ਅਮਨ ਕਾਨੂੰਨ ਦੀ ਸਥਿਤੀ ਵੱਲ ਕਿਸੇ ਦਾ ਧਿਆਨ ਨਹੀਂ। ਕਿਸਾਨ, ਮਜ਼ਦੂਰ, ਮੁਲਾਜ਼ਮ, ਸਮਾਜ ਸੇਵੀ ਸੰਸਥਾਵਾਂ ਤੇ ਹੋਰ ਜੱਥੇਬੰਦੀਆਂ ਆਪੋ ਆਪਣਾ ਡੋਰੂ ਵਜਾ ਰਹੀਆਂ ਹਨ। ਲੇਖਕ ਤੇ ਬੁਧੀਜੀਵੀ ਲਾਣਾ ਪੁਰਸਕਾਰਾਂ ਦੀ ਭਾਲ ਵਿੱਚ ਨਿਕਲਿਆ ਹੋਇਆ ਹੈ। ਪੰਜਾਬ ਦੀਆਂ ਅਗਾਂਹਵਧੂ ਸੋਚ ਵਾਲੀਆਂ ਜਥੇਬੰਦੀਆਂ ਨੂੰ ਜ਼ਰੂਰ ਸੋਚਣਾ ਪਵੇਗਾ ਕਿ ਉਹਨਾਂ ਨੇ ਲੜਾਈ ਕਿਵੇਂ ਲੜ੍ਹਨੀ ਹੈ।ਇਸ ਸਮੇਂ ਪੰਜਾਬ ਉਜੜ ਗਿਆ ਹੈ। ਪਿੰਡ ਪੰਜਾਬੀਆਂ ਬਿਨਾਂ ਖਾਲੀ ਹੋ ਰਹੇ ਹਨ, ਪੰਜਾਬੀ ਕੌਮ ਕਿਧਰ ਨੂੰ ਜਾ ਰਹੀ ਹੈ ਪਰ ਸੋਚਣਾ ਪਵੇਗਾ। ਪੰਜਾਬ ਕਿਸ ਦਿਸ਼ਾ ਵੱਲ ਵੱਧ ਰਿਹਾ ਹੈ। ਦੋਸਤੋ ਇਸ ਸਮੇਂ ਕਿਸੇ ਗੁਰੂ, ਪੀਰ ਪੈਗੰਬਰ ਤੇ ਗਦਰੀ ਬਾਬਿਆਂ ਨੇ ਨਹੀਂ ਆਉਣਾ ਸਗੋਂ ਸਾਨੂੰ ਖ਼ੁਦ ਗੁਰ ਨਾਨਕ ਤੇ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਨੂੰ ਅਪਣਾਉਣਾ ਪਵੇਗਾ। ਖ਼ੁੱਦ ਸ਼ਹੀਦ ਭਗਤ ਸਿੰਘ ਬਣਨਾ ਪਵੇਗਾ। ਹੁਣ ਸਾਨੂੰ ਆਪਣੀ ਅੰਦਰਲੀ ਤਾਕਤ ਨੂੰ ਪਛਾਨਣ ਦੀ ਲੋੜ ਹੈ ਤਾਂ ਕਿ ਉਨ੍ਹਾਂ ਤਾਕਤਾਂ ਨੂੰ ਨੱਥ ਪਾਈ ਜਾ ਸਕੇ। ਪੰਜਾਬ ਵਿਰੋਧੀ ਤਾਕਤਾਂ ਦੇ ਪਾਏ ਨਾਗਵਲ ਨੂੰ ਕਿਵੇਂ ਤੋੜਨਾ ਤੇ ਲੋਕਾਂ ਨੂੰ ਕਿਵੇਂ ਜੋੜਨਾ ਹੈ, ਇਸ ਸਬੰਧੀ ਸੁਚੇਤ ਤੇ ਜਾਗਰੂਕ ਧਿਰਾਂ ਨੂੰ ਅੱਗੇ ਲੱਗਣਾ ਪਵੇਗਾ। ਪੰਜਾਬੀਆਂ ਦੀ ਹੋਂਦ ਤੇ ਧਰਤੀ ਖਤਮ ਕਰਨ ਲਈ ਉਹਨਾਂ ਨੇ ਹਰ ਤਰੀਕਾ ਵਰਤਿਆ ਹੈ। ਅਸੀਂ ਅਤੀਤ ਦੇ ਇਤਿਹਾਸ ਉਪਰ ਮਾਣ ਕਰਦੇ ਹਾਂ ਪਰ ਖੁਦ ਕੀ ਕਰਦੇ ਹਾਂ, ਇਸ ਬਾਰੇ ਕੋਈ ਨਹੀਂ ਸੋਚਦਾ। ਸਾਡੇ ਲਈ ਸੋਸ਼ਲ ਮੀਡੀਆ ਰਾਹੀਂ ਹਰ ਤਰ੍ਹਾਂ ਹਮਲਾ ਕੀਤਾ ਜਾ ਰਿਹਾ ਤੇ ਅਸੀਂ ਆਪਸ ਵਿੱਚ ਉਲਝ ਕੇ ਰਹਿ ਗਏ ਹਾਂ। ਪੰਜਾਬ ਵਿਰੋਧੀ ਤਾਕਤਾਂ ਨੇ ਸੋਸ਼ਲ ਮੀਡੀਏ ਉੱਤੇ ਨਜ਼ਰ ਰੱਖੀ ਹੋਈ ਹੈ, ਉਹ ਨੌਜਵਾਨਾਂ ਨੂੰ ਊਟ ਪਟਾਂਗ ਗੱਲਾਂ ਬਾਤਾਂ ਵਿੱਚ ਉਲਝਾਉਣ ਵਿੱਚ ਲੱਗੇ ਹੋਏ ਹਨ ਅਤੇ ਅਸੀਂ ਉਨ੍ਹਾਂ ਦੇ ਹਰ ਜਾਲ ਵਿੱਚ ਫਸ ਦੇ ਜਾ ਰਹੇ ਹਾਂ। ਉਹਨਾਂ ਨੇ ਸਾਡੇ ਹਰ ਪਾਸੇ ਜ਼ਹਿਰ ਛਿੜਕ ਦਿੱਤੀ ਹੈ । ਓਹਨਾਂ ਸਿਆਸੀ ਆਗੂਆਂ ਦੇ ਹੱਥ ਵਤੀਰਾ ਜਿਹਨਾਂ ਨੇ ਪੰਜਾਬ ਦੀ ਇਹ ਹਾਲਤ ਬਣਾਈ ਐ। ਜੇ ਅਸੀਂ ਹੁਣ ਵੀ ਨਾ ਸੰਭਲੇ ਤੇ ਅੰਦਰਲੀ ਸ਼ਕਤੀ ਨੂੰ ਨ ਜਗਾਇਆ ਤਾਂ ਆਉਣ ਵਾਲ਼ੀਆਂ ਨਸਲਾਂ ਤੇ ਫਸਲਾਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ। ਆਓ ਆਪਣੀ ਅਣਖ਼ ਨੂੰ ਜਗਾਈਏ ਤੇ ਪੰਜਾਬ ਨੂੰ ਬੰਜਰ ਤੇ ਖੰਡਰ ਅਤੇ ਜ਼ਹਿਰੀਲਾ ਹੋਣ ਤੋਂ ਬਚਾਈਏ। ਉਠੋ ਤੁਰੋ ਜੁੜੋ ਤੇ ਸਾਂਝੀ ਜੰਗ ਲੜੀਏ ਤੇ ਕੱਲੇ ਕੱਲੇ ਨ ਮਰੀਏ। ਗਲਾਂ ਚੋਂ ਫਾਹੇ ਲਾ ਕੇ ਉਹਨਾਂ ਦੇ ਗਲ ਪਾਈਏ ਜਿਹਨਾਂ ਨੇ ਪੰਜਾਬ ਨੂੰ ਬੰਜਰ ਤੇ ਖੰਡਰ ਬਣਾ ਦਿੱਤਾ। ਜਿੱਤ ਤੇ ਜਿਤਾਉਣ ਦੀ ਤਾਕਤ ਲੋਕਾਂ ਦੇ ਸਾਹਮਣੇ ਆ ਰਹੇਗੀ ਹੈ । ਜਾਗੋ ਜਾਗੋ ਜਾਗਣ ਦਾ ਵੇਲਾ ਆ ਗਿਆ ਹੈ । ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹੋਏ ਸ਼ਬਦ ਗੁਰੂ ਨਾਲ ਜੋੜਨ ਲਈ ਤੇ ਲੜਣ ਲਈ ਤਿਆਰ ਹੋਣ ਦਾ ਹੋਕਾ ਦੇਈਏ ਕਿਉਕਿ ਜਿਉਣ ਲਈ ਸੰਘਰਸ਼ ਕਰਨ ਦੀ ਲੋੜ ਹੈ । ਆਓ ਆਪਣੀ ਮਰਨ ਗਈ ਸੰਵੇਦਨਾ ਨੂੰ ਜਗਾਈਏ ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ ਕਰੀਏ। ਮਰਨਾ ਤਾਂ ਹੈ ਕਿਉਂ ਨਾ ਸੰਘਰਸ਼ ਕਰਦੇ ਹੋਏ ਜਿਉਣ ਦਾ ਰਸਤਾ ਤਲਾਸ਼ ਕਰੀਏ । ਹੁਣ ਲੜਣ ਦੇ ਬਿਨਾਂ ਸਰਨਾ ਨਹੀਂ। ਲੜਣ ਦੀ ਲੋੜ ਐ। ਜਾਗੋ, ਉਠੋ ਤੇ ਸੰਘਰਸ਼ ਕਰੋ। ਜਦੋਂ ਤੱਕ ਹਰ ਪੰਜਾਬੀ ਆਪਣੀ ਹਾਊਮੈਂ ਨੂੰ ਤਿਆਗ ਕੇ ਇੱਕ ਮੰਚ ਤੇ ਇਕੱਠਾ ਨਹੀਂ ਹੁੰਦਾ, ਉਦੋਂ ਤੱਕ ਸਾਡੇ ਕੁੱਟ ਪੈਂਦੀ ਰਹੇਗੀ ਤੇ ਅਸੀਂ ਬਿਨਾਂ ਵਜ੍ਹਾ ਮੌਤ ਮਰਦੇ ਰਹਾਂਗੇ। ਪੰਜਾਬ ਦੇ ਲੋਕਾਂ ਨੇ ਆਪਣੇ ਵਰਤਮਾਨ ਤੇ ਭਵਿੱਖ ਨੂੰ ਕਿਵੇਂ ਬਚਾਉਣਾ ਹੈ ਇਹ ਤਾਂ ਹੁਣ ਉਹਨਾਂ ਨੂੰ ਜ਼ਰੂਰ ਸੋਚਣਾ ਪਵੇਗਾ। ਪੰਜਾਬ ਇੱਕ ਵਾਰ ਫਿਰ ਅੱਸੀਵਿਆਂ ਦੇ ਦਹਾਕੇ ਵੱਲ ਦੌੜ ਪਿਆ ਹੈ। ਹੁਣ ਇਸ ਕਾਲੇ ਦੌਰ ਵਿਚੋਂ ਕਿਵੇਂ ਬਚਣਾ ਹੈ,ਇਸ ਲਈ ਇੱਕਮੁੱਠ ਜਥੇਬੰਦ ਹੋਣਾ ਪਵੇਗਾ। ਆਪਣੀ ਹੋਂਦ ਦੀ ਲੜਾਈ ਸਾਨੂੰ ਖ਼ੁਦ ਲੜਨੀ ਪਵੇਗੀ। ਕਾਲੀਆਂ ਤਾਕਤਾਂ ਦੇ ਟਾਕਰੇ ਲਈ ਸਾਰਥਿਕ ਪਹੁੰਚ ਅਪਣਾਉਣ ਦੀ ਲੋੜ ਹੈ। ਅਗਾਂਹਵਧੂ ਜਥੇਬੰਦੀਆਂ ਨੂੰ ਆਪੋ ਆਪਣੇ ਚੁੱਲ੍ਹੇ ਸਮੇਟ ਕੇ ਗ਼ਦਰ ਪਾਰਟੀ ਦੇ ਵਾਂਗ ਇੱਕ ਚੁੱਲ੍ਹੇ ਉੱਤੇ ਲੰਗਰ ਬਣਾਉਣ ਦੀ ਲੋੜ ਹੈ। ਇਹਨਾਂ ਜਥੇਬੰਦੀਆਂ ਨੂੰ ਗ਼ਦਰ ਲਹਿਰ ਤੋਂ ਸਬਕ ਲੈਣ ਦੀ ਲੋੜ ਹੈ। ਪਰ ਹੰਕਾਰ ਤੇ ਹਾਉਮੈ ਉਹਨਾਂ ਨੂੰ ਇਕੱਠੇ ਨਹੀਂ ਹੋਣ ਦੇ ਰਿਹਾ। ਇਸੇ ਕਰਕੇ ਇਹ ਆਪਣੇ ਕੁੱਝ ਹਾਸਲ ਨਹੀਂ ਹੋ ਸਕਿਆ। ਕਹਿੰਦੇ ਹਨ ਮੱਛੀ ਪੱਥਰ ਨਾਲ ਟਕਰਾ ਕੇ ਵਾਪਸ ਪਰਤ ਦੀ ਹੈ, ਪਰ ਇਹ ਤਾਂ ਪੱਥਰਾਂ ਤੋਂ ਅੱਗੇ ਲੰਘ ਗਏ ਲੱਗਦੇ ਹਨ? ਕੀ ਵਿਚਾਰ ਹੈ ਧਾਰਮਿਕ ਤੇ ਅਗਾਂਹਵਧੂ ਜਥੇਬੰਦੀਆਂ ਦੇ ਸਹਿਯੋਗੀ ਓ?



**ਬੁੱਧ ਸਿੰਘ ਨੀਲੋਂ**
**9464370823**

## ਸੰਜੀਵਨੀ

ਸੱਜਣਾ ਨੇ ਮੁੱਖ ਮੋੜ ਲਿਆ ,
ਤਨ ਮਨ ਨੂੰ ਜੁਦਾਈ ਖਾ ਗਈ ।
ਸਿਵਿਆਂ ਦੀ ਚੁੱਪ ਵਰਗੀ ,
ਸਾਡੇ ਦਿਲ 'ਚ ਵਿਰਾਨੀ ਛਾ ਗਈ।
ਜਿੰਦ ਮਰ ਮੁੱਕ ਹੀ ਜਾਂਦੀ ,
ਫੇਸਬੁੱਕ ਦਾ ਸਹਾਰਾ ਨਾ ਜੇ ਲੈਂਦੇ ;
ਪੜ੍ਹ ਪੜ੍ਹ ਦਿਨ ਕਟਦੇ ਆਂ ,
ਸਾਨੂੰ ਰੁਲਦੂ ਦੀ ਕਵਿਤਾ ਬਚਾ ਗਈ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਸਕਦੀ ਆਂ

ਲੜਦੇ ਲੜਦੇ ਮਰ ਸਕਦੀ ਆਂ
ਏਦਾਂ ਕਿੱਦਾਂ ਹਰ ਸਕਦੀ ਆਂ।

ਕਹਿੰਦੇ ਦਿਲ ਦਰਿਆ ਹੁੰਦੈ ਨੇ
ਅੱਛਾ! ਡੁੱਬ ਕੇ ਮਰ ਸਕਦੀ ਆਂ।

ਜੇਕਰ ਹੋਵੇ ਪਿਆਰ ਮੁਹੱਬਤ
ਬੰਦਿਸ਼ ਨੂੰ ਵੀ ਜਰ ਸਕਦੀ ਆਂ।

ਅੱਖਾਂ ਦੇ ਕਸ਼ਕੌਲ ਨੇ ਖ਼ਾਲੀ
ਦੀਦ ਮਿਲੇ ਤਾਂ ਭਰ ਸਕਦੀ ਆਂ।

ਏਨਾਂ ਬੇਇਤਬਾਰੀ ਹੋਇਓਂ
ਦੇ ਦੇ ਜ਼ਹਿਰ ਮੈਂ ਮਰ ਸਕਦੀ ਆਂ।

ਇਕ ਝਨਾਂ ਕੀ ਤੇਰੇ ਲਈ ਮੈਂ
ਸੱਤ ਸਮੁੰਦਰ ਤਰ ਸਕਦੀ ਆਂ।

ਲੇਖਾਂ ਵਿੱਚ ਨੇ ਖ਼ਾਲੀ ਥਾਵਾਂ
ਮੌਲਾ ਕਿੱਦਾਂ ਭਰ ਸਕਦੀ ਆਂ?



ਉੱਡਣਾ ਚ੍ਹਾਵਾਂ ਤਾਂ ਪਿੰਜਰੇ ਵਿਚ
ਅੰਬਰ ਨੂੰ ਮੈਂ ਭਰ ਸਕਦੀ ਆਂ।

ਜੇ ਤੂੰ ਚੱਲਣਾ ਨਾਲ ਨਈਂ ਮੇਰੇ
ਪੈੜ 'ਤੇ ਪੈਰ ਕੀ ਧਰ ਸਕਦੀ ਆਂ?

ਹਿਜਰਾਂ ਦੇ ਵਿਚ ਸਾੜ ਨਾ ਮੈਨੂੰ
ਸੜ ਕੇ ਇਕ ਦਿਨ ਮਰ ਸਕਦੀ ਆਂ।

**ਹਰਸਿਮਰਤ ਕੌਰ**

## ਮਰਦ ਔਰਤ ਦੋਵਾਂ ਤੋਂ ਬਾਹਰ

ਮਰਦ ਔਰਤ ਦੋਵਾਂ ਤੋਂ ਵੀ ਬਾਹਰ।
ਵਸੇ ਰੰਗ ਬਿਰੰਗਾ ਵੱਖਰਾ ਸੰਸਾਰ।

ਇੰਜ ਤੈਨੂੰ ਇਹ ਦਿਸਣਾ ਕਿੱਥੇ
ਅੱਖਾਂ ਉੱਤੋਂ ਪਰਦਾ ਲਾਹ
ਕੁਦਰਤ ਵਾਲੇ ਭੇਦ ਬੜੇ ਨੇ
ਵੇਖਣ ਲਈ ਛੱਡ ਸ਼ਰਮ ਹਯਾ।

ਕੋਈ ਤਾਂ ਵਿੱਚ ਵਿਚਾਲੇ ਟਿਕਿਆ
ਕੋਈ ਏਧਰੋਂ ਉੱਧਰ ਹੋਇਆ
ਬੜੇ ਇਸ ਦੇ ਰੰਗ ਰੂਪ ਨੇ
ਇਹ ਜੋ ਤਨ ਮਨ ਚੰਦਰਾ ਮੋਇਆ ।

ਮਾਂ ਦੇ ਢਿੱਡੋਂ ਜੰਮਣ ਵੇਲੇ
ਦੁਨੀਆਂ ਪਹਿਲਾਂ ਬੜਾ ਕੁੱਝ ਤੱਕੇ
ਜੇ ਨਾ ਨਿਕਲੇ ਮਰਦ ਜਾਂ ਔਰਤ
ਤਾਂ ਇਹ ਘਰੋਂ ਕੱਢੇ ਮਾਰ ਕੇ ਧੱਕੇ।

ਦਿਨ ਦਿਹਾੜੇ ਘਰ ਦਰ ਮਰ ਜਾਂਦੇ
ਮੁੱਕ ਜਾਂਦੀ ਸਾਕ ਸਕੀਰੀ
ਪੱਕੀਆਂ ਫ਼ਸਲਾਂ ਕੱਟ ਜਾਣਾ ਹੁੰਦੈ
ਸੁੱਕ ਜਾਂਦੀ ਨਵੀਂ ਪਨੀਰੀ।

ਬੇਦਖਲ ਕਰ, ਮੂੰਹ ਮੋੜ ਕੇ
ਆਪਣਾ ਨੱਕ ਬਚਾਉਂਦੇ ਲੋਕੀਂ
ਕੋਈ ਨਾ ਜਾਣੇ ਹਾਲ ਦਿਲ ਦਾ
ਜਿਸਦੀ ਜ਼ਿੰਦਗੀ ਜਾਂਦੀ ਸੋਕੀ।

ਤਰੱਕੀ ਵਾਲੇ ਗੋਗੇ ਗਾਉਂਦੀ
ਇਹ ਦੁਨੀਆਂ ਚੁੱਪ ਨਾ ਹੋਵੇ
ਅਕਲਾਂ ਨੂੰ ਹੱਥ ਮਾਰ ਕੇ ਦੱਸੋ
ਫੇਰ ਕੋਈ ਅੱਖ ਕਿਉਂ ਚੰਦਰੀ ਰੋਵੇ।

ਬਹੁ ਰੰਗੀ ਫੁਲਵਾੜੀ ਅੰਦਰ
ਐਵੇਂ ਨਾ ਪੱਕੀਆਂ ਲੀਕਾਂ ਖਿੱਚੋ
ਬੇਕਦਰੀ ਨੂੰ ਮਾਰ ਕੇ ਠੋਕਰ
ਇੱਜ਼ਤ ਲੈਣਾ ਦੇਣਾ ਸਿੱਖੋ।

ਜੰਮਣ ਮਰਨ ਨਾ ਵਸ ਕਿਸੇ ਦੇ
ਫੇਰ ਕਾਹਤੋਂ ਕਰੋਂ ਦਰਾੜਾ
ਜਦ ਹਰ ਜੰਮੇ ਦਾ ਹੱਕ ਬਰਾਬਰ
ਫੇਰ ਕੋਈ ਕਿਉਂ ਰਹੇ ਜਾਏ ਵਾਂਝਾ।



**ਡਾ. ਮੇਹਰ ਮਾਣਕ**

## ਕਮਜ਼ੋਰੀ

ਮਾਰ ਝੂਠੀਆ ਗੱਲਾਂ ਪਿਆਰ ਦੀਆਂ,,
ਤੇਰੇ ਲਈ ਅਫ਼ਸਾਨੇ ਲਿਖਾਂਗਾਂ॥

ਤੇਰੇ ਨਾਲ ਜੇ ਕਿਤੇ ਮੇਲ ਨਾ ਹੋਈਆਂ,,
ਮੈਂ ਝੂਠੇ ਬਹਾਨੇ ਨਹੀਂ ਲਿਖਾਂਗਾਂ॥

ਜੇ ਸਾਡਾ ਇਕ ਹੋਣਾ ਨਾ ਚਾਹੀਆ ਰੱਬ ਨੇ,,
ਉਸ ਰੱਬ ਦੇ ਮੌਲਾ ਮਸਤਾਨੇ ਲਿਖਾਂਗਾਂ॥

ਕਹਿਣ ਦੀਆਂ ਗੱਲਾਂ ਨੇ ਸਭ ਪਿਆਰ ਹਕੀਕੀ,,
ਤੇਰੇ ਲਈ ਮੈਂ ਝੂਠੇ ਰੁਕਾਬੀ ਰੋਜਾਨੇ ਨਾਂ ਲਿਖਾਂਗਾ॥

ਗਿੰਦਿਆ ਪਿਆਰ ਹਮੇਸ਼ਾ ਦਿਲ ਤੋਂ ਹੁੰਦਾ,,
ਜਿਸਮਾਂ ਦੇ ਭੁੱਖੇ ਰਸੁਕਦਾਰਾ ਦੇ ਤਰਾਨੇ ਨਾ ਲਿਖਾਂਗਾ।



**ਗੁਰਜਿੰਦਰ ਸਿੰਘ ਸਿੱਧੂ**
**ਪਿੰਡ ਖਿੱਚੀਆਂ**
**ਜ਼ਿਲਾ ਗੁਰਦਾਸਪੁਰ**
**ਫੋਨ 062393 31711**




# ਕੂੰਜ ਘੇਰ ਲਈ ਕਾਵਾਂ ਨੇ ...

ਇਹ ਕੁਝ ਸਮਾਂ ਪਹਿਲਾਂ ਰਾਜਸਥਾਨ ਦੇ ਪੀਲੀਬੰਗਾ ਨੇੜੇ ਪਿੰਡ ਦੇ ਇੱਕ ਪਰਿਵਾਰ ਵਿੱਚ ਅਜੀਬ ਕਿਸਮ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ। ਇਨ੍ਹਾਂ ਘਟਨਾਵਾਂ ਨੂੰ ਵੇਖਕੇ ਇੱਕ ਚੰਗਾ ਭਲਾ ਆਦਮੀ ਵੀ ਡਰ ਜਾਏ... ਉਸ ਪਰਿਵਾਰ ਦੇ ਇੱਕ ਹਮਦਰਦ ਇਨਸਾਨ ਵੱਲੋਂ ਉਹਨਾਂ ਦੀ ਸਹਾਇਤਾ ਲਈ ਤਰਕਸ਼ੀਲਾਂ ਕੋਲ਼ ਪਹੁੰਚ ਕੀਤੀ ਗਈ...

ਉਸਨੇ ਸਾਨੂੰ ਫੋਨ 'ਤੇ ਘਟਨਾਵਾਂ ਦੀ ਸਾਰੀ ਜਾਣਕਾਰੀ ਇਸ ਤਰਾਂ ਸੁਣਾਈ...

("ਉਹ ਪਰਿਵਾਰ ਆਰਥਿਕ ਤੌਰ' ਤੇ ਕਮਜ਼ੋਰ ਹੈ। ਪਰਿਵਾਰ ਵਿਚ ਕੁੱਲ ਪੰਜ ਮੈਂਬਰ ਹਨ, ਜਿਨ੍ਹਾਂ ਵਿਚ ਮੀਆਂ ਬੀਵੀ ਅਤੇ ਉਸ ਦੇ ਦੋ ਲੜਕੇ, ਇਕ ਲੜਕੀ ਜੋ ਮਕਾਨ ਮਾਲਕ ਦੀ ਭਤੀਜੀ ਹੈ, ਉਹ 8ਵੀਂ ਜਮਾਤ ਪਾਸ ਹੈ। ਹੁਣ ਇਸ ਲੜਕੀ ਨੂੰ ਬਹੁਤ ਤੇਜ਼ ਦੌਰੇ ਪੈਂਦੇ ਹਨ, ਇਸ ਤੋਂ ਇਲਾਵਾ ਘਰ ਦੇ ਪਸ਼ੂਆਂ ਨੂੰ ਵੀ ਦੌਰੇ ਪੈ ਜਾਂਦੇ ਹਨ, ਉਨ੍ਹਾਂ ਦੇ ਪਸ਼ੂ ਮਰ ਵੀ ਰਹੇ ਹਨ. ਸ਼ਾਮ ਨੂੰ ਘਰ ਵਿਚ ਸਾਬਤ ਇੱਟਾਂ ਦੀ ਬਰਸਾਤ ਹੁੰਦੀ ਹੈ... ਜਦੋਂ ਪਸ਼ੂਆਂ ਦਾ ਦੁੱਧ ਕੱਢਕੇ ਰੱਖਿਆ ਜਾਂਦਾ ਐ ਤਾਂ ਇਹ ਜਲਦੀ ਹੀ ਖੂਨ ਵਿੱਚ ਤਬਦੀਲ ਹੋ ਜਾਂਦਾ ਹੈ. ਘਰ ਵਿੱਚ ਰੱਖੇ ਰਾਸ਼ਨ ਦਾ ਟੂਣਾ ਬਣ ਜਾਂਣਾ.. ਲੜਕਾ ਜਦੋਂ ਖੇਤਾਂ'ਚੋਂ ਹਰਾ ਚਾਰਾ ਲੈ ਕੇ ਆਉਂਦਾ ਹੈ ਤਾਂ ਉਸਨੂੰ ਪਿੱਛੋਂ ਧੱਫਾ ਵਜਦਾ ਐ ਜਾਂ ਉਸਦਾ ਮੋਢੇ ਤੇ ਪਿਆ ਪਰਨਾ ਖਿੱਚਿਆ ਜਾਂਦਾ ਐ,ਫੇਰ ਉਹ ਚੀਖਾਂ ਮਾਰਦਾ ਹਰੇ ਦੀ ਭਰੀ ਸੁੱਟ ਘਰ ਵਾਪਿਸ ਭੱਜ ਆਉਂਦੈ.. ਕੁੜੀ ਦੀਆਂ ਬਾਹਾਂ 'ਤੇ ਬੰਨ੍ਹੇ ਹੋਏ ਤਾਬੀਜ ਲੋਕਾਂ ਦੇ ਸਾਹਮਣੇ ਵੇਖਦੇ ਹੋਇਆਂ ਟੁੱਟਕੇ ਆਪਣੇ ਆਪ ਡਿੱਗਣ ਲਗਦੇ ਹਨ... ਅਤੇ ਸਭ ਦੇ ਸਾਹਮਣੇ, ਲੜਕੀ ਦੀਆਂ ਉਂਗਲਾਂ ਵਿੱਚ ਸੂਈਆਂ ਆਪਣੇ ਆਪ ਨੌਹਾਂ ਨਾ਼ਲ ਲਗਦੀ ਚਮੜੀ ਵਿੱਚ ਜਾ ਧਸਦੀਆਂ ਹਨ. "ਇਸ ਤਰ੍ਹਾਂ ਉਸਨੇ ਸਾਨੂੰ ਉਸ ਪਰਿਵਾਰ ਵਿੱਚ ਵਾਪਰਦੀਆਂ ਕਈ ਅਲੌਕਿਕ ਘਟਨਾਵਾਂ ਦਾ ਵੇਰਵਾ ਦੱਸਿਆ ਅਤੇ ਅੱਗੇ ਦੱਸਿਆ ਕਿ, ' ਇਨ੍ਹਾਂ ਘਟਨਾਵਾਂ ਦੇ ਕਾਰਨ ਇਹ ਘਰ ਪੂਰੇ ਖੇਤਰ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਤੰਤਰਾਂ-ਮੰਤਰਾਂ'ਚ ਉਲਝੇ ਇਸ ਪਰਿਵਾਰ ਦੀ ਆਰਥਿਕ ਤੇ ਮਾਨਸਿਕ ਲੁੱਟ ਹੋ ਰਹੀ ਹੈ, ਇਸਦੇ ਬਾਵਜੂਦ ਹੁਣ ਬਾਬਿਆਂ ਨੇ ਵੀ ਆਪਣੇ ਹੱਥ ਖੜ੍ਹੇ ਕਰ ਦਿੱਤੇ ਹਨ। ਤੇ ਸਮੱਸਿਆ ਦਾ ਕੋਈ ਹੱਲ ਨਹੀਂ ਹੋ ਰਿਹਾ, ਅਤੇ ਪਿੰਡ ਦੇ ਲੋਕਾਂ ਨੇ ਉਨ੍ਹਾਂ ਤੋਂ ਦੂਰੀ ਵੱਟ ਲਈ ਹੈ... ਲੋਕਾਂ ਦੇ ਦੂਰ ਰਹਿਣ ਦਾ ਕਾਰਨ ਉਹ ਉਸ ਘਰ ਨੂੰ ਭੂਤਾਂ ਅਤੇ ਆਤਮਾਂਵਾਂ ਦਾ ਵਾਸ/ਘਰ ਮੰਨਣ ਲੱਗ ਪਏ ਹਨ।")

ਅਸੀਂ ਉਸ ਸਾਥੀ ਦੋਸਤ ਨਾ਼ਲ ਆਪਣੀਆਂ ਕੁਝ ਜ਼ਰੂਰੀ ਸ਼ਰਤਾਂ ਰੱਖੀਆਂ ਅਤੇ ਉਹਨਾਂ ਅੱਗੋਂ ਪੂਰੇ ਸਹਿਯੋਗ ਦਾ ਵਾਅਦਾ ਕੀਤਾ। ਤਰਕਸ਼ੀਲ ਸੁਸਾਇਟੀ ਇਕਾਈ ਕਾਲਾਂਵਾਲੀ ਦੀ ਇੱਕ ਤਿੰਨ ਮੈਂਬਰੀ ਕਮੇਟੀ ਜਿਸ ਵਿਚ ਸ਼ਮਸ਼ੇਰ ਚੋਰਮਾਰ, ਹਰਦੇਵ ਅਗਰੋਈਆ ਅਤੇ ਮੈਂ ਵੀ ਸ਼ਾਮਿਲ ਸੀ। ਨਿਸ਼ਚਿਤ ਸਮੇਂ ਮੁਤਾਬਿਕ ਅਸੀਂ ਉਸ ਪਿੰਡ ਦੇ ਘਰ'ਚ ਪਹੁੰਚ ਗਏ..ਉਥੇ ਤਮਾਸ਼ਮੀਨਾਂ ਦੀ ਭੀੜ ਜੁੜੀ ਹੋਈ ਸੀ..ਅਸੀਂ ਉਹਨਾਂ ਨੂੰ ਉਥੋਂ ਚਲੇ ਜਾਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਹੁਣ ਇਹ ਅਲੋਕਾਰੀ ਘਟਨਾਵਾਂ ਇਸ ਘਰ ਵਿੱਚ ਮੁੜ ਨਹੀਂ ਵਾਪਰ ਦੀਆਂ।

ਮਿਥੀ ਯੋਜਨਾ ਦੇ ਅਨੁਸਾਰ, ਪਰਿਵਾਰਕ ਮੈਂਬਰਾਂ ਨਾਲ ਵੱਖਰੇ-ਵੱਖਰੇ ਤੌਰ ਤੇ ਗੱਲਬਾਤ ਦੀ ਇੱਕ ਲੜੀ ਸ਼ੁਰੂ ਕੀਤੀ ਗਈ...ਉਸ ਘਰ ਵਿੱਚ ਪੰਜ ਦੀ ਬਜਾਏ, 6 ਵਾਂ ਮੈਂਬਰ ਜੋ ਮਾਲਕਣ ਦੀ ਨਨਾਣ ਦਾ ਮੁੰਡਾ ਵੀ ਰਹਿ ਰਿਹਾ ਸੀ, ਯਾਨੀ ਕਿ ਉਹ ਲੜਕਾ ਆਪਣੀ ਮਾਮੀ ਕੋ਼ਲ/ ਨਾਨਕੇ ਅਕਸਰ ਆਉਂਦਾ ਰਹਿੰਦਾ। ਇਨ੍ਹਾਂ 6 ਮੈਂਬਰਾਂ ਨੇ ਉਪਰੋਕਤ ਘਟਨਾਵਾਂ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਇਹ ਸਾਰੀਆਂ ਘਟਨਾਵਾਂ ਸਾਡੀਆਂ ਅੱਖਾਂ ਦੇ ਸਾਹਮਣੇ ਵਾਪਰਦੀਆਂ ਹਨ। ਉਨ੍ਹਾਂ ਨਾ਼ਲ ਕੀਤੀ ਵੱਖ-ਵੱਖ ਗੱਲਬਾਤ ਤੋਂ ਬਾਅਦ ਅਸੀਂ ਪਰਿਵਾਰ ਤੋਂ ਦੂਰ ਬੈਠਕੇ ਅਤੇ ਘਟਨਾਵਾਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ... ਜਿਸ ਵਿੱਚ ਪਸ਼ੂਆਂ ਨੂੰ ਦੌਰੇ ਪੈ ਜਾਣੇ ਅਤੇ ਲੜਕੀ ਦੇ ਨੌਹਾਂ ਦੀ ਚਮੜੀ'ਚ ਸੂਈਆਂ ਦਾ ਆਪਣੇ ਆਪ ਅਗਾਂਹ ਤੁਰਨਾ ਆਦਿ ਘਟਨਾਵਾਂ ਨੇ ਸਾਨੂੰ ਸੋਚਣ ਲਈ ਮਜਬੂਰ ਕਰ ਦਿੱਤਾ... ਖੈਰ ਅਸੀਂ ਇਹ ਸਿੱਟਾ ਤਾਂ ਕੱਢ ਚੁੱਕੇ ਸਾਂ ਕਿ ਲੜਕੀ ਨੂੰ ਕੋਈ ਗੰਭੀਰ ਸਮੱਸਿਆ ਹੈ...

ਹੁਣ ਅਸੀਂ ਆਪਣਾ ਸਾਰਾ ਧਿਆਨ ਲੜਕੀ ਵੱਲ ਕੇਂਦ੍ਰਤ ਕੀਤਾ ਅਸੀਂ ਉਸ ਨਾ਼ਲ ਪੂਰੀ ਹਮਦਰਦੀ,ਪਿਆਰ,ਅਪਣੱਤ ਨਾ਼ਲ ਗੱਲਬਾਤ ਫਿਰ ਸ਼ੁਰੂ ਕੀਤੀ। ਅਸੀਂ ਉਸਨੂੰ ਕਿਹਾ ਤੂੰ ਬਹੁਤ ਮੁਸ਼ਕਿਲ'ਚ ਹੈਂ.. ਤੇਰੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਬਾਰੇ ਜਾਣਨਾ ਚਾਹੁੰਦੇ ਹਾਂ, ਤੇਰੀਆਂ ਸਾਰੀਆਂ ਮੁਸ਼ਕਲਾਂ ਦੇ ਸਹੀ ਤੇ ਵਧੀਆ ਹੱਲ ਕੱਢਾਂਗੇ ਅਸੀਂ ਤੈਨੂੰ ਪੱਕਾ ਵਿਸ਼ਵਾਸ ਦਵਾਉਂਦੇ ਹਾਂ...ਸਾਡਾ ਭਰੋਸਾ ਮਿਲਣ 'ਤੇ, ਉਹ ਫੁੱਟ ਪਈ..ਸਾਨੂੰ ਦੱਸਣ ਲੱਗੀ, "ਮੈਂ ਆਪਣੀ ਭੂਆ ਕੋ਼ਲ ਰਹਿੰਦੀ ਹਾਂ....ਮੇਰੇ ਮਾਤਾ ਪਿਤਾ ਦੀ ਬਹੁਤ ਸਮਾਂ ਪਹਿਲਾਂ ਮੌਤ ਹੋ ਚੁਕੀ ਹੈ, ਮੇਰਾ ਇੱਕ ਛੋਟਾ ਭਰਾ ਵੀ ਹੈ ਜੋ ਮੇਰੀ ਮਾਸੀ ਦੇ ਕੋ਼ਲ ਰਹਿੰਦਾ ਹੈ...ਮੈਂ ਆਪਣੇ ਭਰਾ ਨੂੰ ਅਤੇ ਆਪ ਪੜ੍ਹਨਾਂ ਚਾਹੁੰਦੀ ਹਾਂ..ਮੈਨੂੰ ਆਪਣੇ ਭਰਾ ਦੀ ਬਹੁਤ ਯਾਦ ਆਉਂਦੀ ਹੈ.. ਮੇਰੀ ਭੂਆ ਜ਼ਮੀਨ ਦੇ ਲਾਲਚ ਇੱਕ 40 ਸਾਲਾ ਦੁਹਾਜੂ ਨਾਲ ਵਿਆਹ ਕਰਨਾ ਚਾਹੁੰਦੀ ਹੈ..ਕੀ ਮੈਂ ਵਿਆਹ ਕਰਾਉਣ ਦੇ ਯੋਗ ਹਾਂ? ਹੁਣ ਮੇਰੀ ਭੂਆ ਮੈਨੂੰ ਹੋਰ ਪੜ੍ਹਾਉਣਾ ਨਹੀਂ ਚਾਹੁੰਦੀ... ਮੈਂ ਅੱਠਵੀਂ ਵਿਚ ਵਧੀਆ ਨੰਬਰ ਪ੍ਰਾਪਤ ਕੀਤੇ ਹਨ... ਮੇਰਾ ਇਰ-ਾਦਾ ਹੈ, ਅਸੀਂ ਦੋਵੇਂ ਭੈਣ-ਭਰਾ ਆਪਣੇ ਪੈਰਾਂ ਤੇ ਖੜ੍ਹਨਾ ਚਾਹੁੰਦੇ ਹਾਂ... ਉਸਤੋਂ ਬਾਅਦ ਵਿਆਹ ਕਰਵਾਉਣ ਲਈ ਸੋਚਾਂਗੀ...ਉਹ ਹੁਣ ਬੜੀ ਸੰਜੀਦਗੀ ਨਾ਼ਲ ਗੱਲ ਕਰ ਰਹੀ ਸੀ, ਉਹ ਗਰਜਵੀਂ ਆਵਾਜ਼'ਚ ਬੋਲੀ.. " ਹੁਣ ਦੱਸੋ ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋ?"

ਹੁਣ ਉਹ ਲੜਕੀ ਲਗਾਤਾਰ ਬੇਬਾਕੀ ਅਤੇ ਆਤਮਵਿਸ਼ਵਾਸ ਨਾ਼ਲ ਆਪਣੀ ਗੱਲ ਰੱਖ ਰਹੀ ਸੀ..., ਹੁਣ ਉਸਦੀਆਂ ਅੱਖਾਂ ਵਿਚੋਂ ਹੰਝੂ ਨਦੀ ਬਣ ਬਹਿ ਰਹੇ ਸਨ. ਅਸੀਂ ਉਸ ਨੂੰ ਹੌਂਸਲਾ ਦਿੱਤਾ ਅਤੇ ਕਿਹਾ, "ਰੋ ਨਾ ਪੁੱਤਰ, ਤੂੰ ਸਾਡੀ ਧੀ ਹੈਂ, ਤੂੰ ਮਹਾਨ ਹੈਂ, ਤੂੰ ਵਿਸ਼ਵਾਸ ਕਰ ਅਸੀਂ ਤੇਰੇ ਲਈ ਇੱਕ ਵਧੀਆ ਰਸਤਾ ਖੋਲਾਂਗੇ..ਅਤੇ ਤੇਰੇ ਲਈ ਵਧੀਆ ਸਹਾਇਕ ਬਣਾਂਗੇ, ਪਰ ਤੈਨੂੰ ਸਾਡੇ ਦੁਆਰਾ ਦਿੱਤੇ ਕੁੱਝ ਸੁਝਾਵ ਸਵੀਕਾਰ ਕਰਨੇ ਪੈਣਗੇ.. ਲੜਕੀ ਨੇ ਸਾਡੀ ਗੱਲਬਾਤ ਨੂੰ ਵਿੱਚੋਂ ਹੀ ਟੋਕਦਿਆਂ ਫਿਰ ਗਰਜਣਾ ਸ਼ੁਰੂ ਕਰ ਦਿੱਤਾ, "ਤੁਸੀਂ ਮੈਨੂੰ ਪੁੱਛਣਾ ਚਾਹੁੰਦੇ ਹੋ, ਇਹ ਸਭ ਕੌਣ ਕਰ ਰਿਹਾ ਹੈ? ਹਾਂ ਮੈਂ ਕਰਦੀ ਹਾਂ, ਕੀ ਤੁਸੀਂ ਮੈਨੂੰ ਇਹਨਾਂ ਕਾਵਾਂ ਤੋਂ ਬਚਾਅ ਸਕਦੇ ਹੋ? ਮੈਂ ਇਸ ਘਰ ਵਿਚ ਸੁਰੱਖਿਅਤ ਨਹੀਂ ਹਾਂ,...ਇਸ ਘਰ ਨਾਨਕੀ ਆਇਆ ਉਹ ਲੜਕਾ! ਮੇਰੇ 'ਤੇ ਗਲਤ ਨਜ਼ਰ ਰੱਖ ਰਿਹਾ ਹੈ.. ਇਸ ਘਰ ਦੀ ਛੋਟੀ ਚਾਰਦੀਵਾਰੀ ਦੇ ਕਾਰਨ,ਇਥੋਂ ਦੀ ਟੱਪਦੇ ਲੋਕ ਮੈਨੂੰ ਅਜੀਬ ਨਜ਼ਰਾਂ ਨਾ਼ਲ ਵੇਖਦੇ ਹਨ... ਮੈਨੂੰ ਕੋਈ ਆਪਣਾ ਨਹੀਂ ਦਿਖ ਰਿਹਾ..ਇਥੋਂ ਗੁਜ਼ਰਦੀ ਬੱਸ ਦਾ ਡਰਾਈਵਰ ਤੇ ਕੰਡਕਟਰ.. ਇਹ ਸਾਰੇ ਕਾਂ..ਮੈਨੂੰ ਘੂਰ-ਘੂਰ ਵੇਖਦੇ ਹਨ..ਇਹ ਮੈਨੂੰ ਖਾ ਜਾਣਾ ਚਾਹੁੰਦੇ ਹਨ... ਅਸੀਂ ਹੁਣ ਉਸ ਨਿੱਡਰ ਲੜਕੀ ਨੂੰ ਪਿਆਰ ਨਾਲ ਸ਼ਾਂਤ ਕਰ ਰਹੇ ਸਾਂ...ਹੁਣ ਸਾਡੀਆਂ ਅੱਖਾਂ ਭਰ ਚੁਕੀਆਂ ਸਨ, ਅਤੇ ਆਪਣੇ ਆਪ ਨੂੰ ਸੰਭਾਲ ਦੀ ਵੀ ਕੋਸ਼ਿਸ਼ ਕਰ ਰਹੇ ਸਾਂ... ਅਸੀਂ ਹੁਣ ਚੰਗੀ ਤਰ੍ਹਾਂ ਇਸ ਸਾਰੀ ਕਹਾਣੀ ਨੂੰ ਸਮਝ ਚੁਕੇ ਸਾਂ, ਲੜਕੀ ਨੂੰ ਸ਼ਾਂਤ ਰਹਿਣ ਅਤੇ ਵਧੀਆ ਨਤੀਜਿਆਂ ਦੀ ਉਡੀਕ ਕਰਨ ਦੀ ਸਲਾਹ ਦਿੱਤੀ ਗਈ.., ਪਰ ਨਾ਼ਲ ਹੀ ਹੁਣ ਉਸ ਨੂੰ ਅਜਿਹੇ ਕੰਮਾਂ ਤੋਂ ਦੂਰ ਰਹਿਣ ਦੀ ਚੇਤਾਵਨੀ ਵੀ ਦਿੱਤੀ ਗਈ, ਜਿਸ ਨੂੰ ਉਸਨੇ ਸ਼ਾਂਤਮਨ ਨਾ਼ਲ ਸਵੀਕਾਰ ਕਰਦਿਆਂ ਹਾਂ ਪੱਖੀ ਹੁੰਗਾਰਾ ਭਰਿਆ।

ਪਰਿਵਾਰ ਦਾ ਹਮਦਰਦ ਜੋ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣ ਦੇ ਯੋਗ ਸੀ, ਅਸੀਂ ਉਸ ਨੂੰ ਸੁਝਾਅ ਦਿੱਤਾ ਕਿ ਲੜਕੀ ਹੁਣ ਇਸ ਘਰ ਵਿਚ ਨਹੀਂ ਰਹੇਗੀ, ਉਹ ਆਪਣੇ ਭਰਾ ਅਤੇ ਮਾਸੀ ਨਾਲ ਉਸਦੀ ਮਰਜ਼ੀ ਨਾਲ ਰਹੇਗੀ, ਉਸ ਨੂੰ ਹਰ ਹਾਲ ਵਿਚ 9 ਵੀਂ ਵਿਚ ਦਾਖਲ ਕਰਵਾਇਆ ਜਾਏ। ਇਸਦੇ ਵਿਆਹ ਬਾਰੇ ਕੋਈ ਵਿਚਾਰ ਵਟਾਂਦਰੇ ਨਹੀਂ ਹੋਣਗੇ, ਆਦਿ ਗੱਲਾਂ ਨੂੰ ਲਾਗੂ ਕਰਨਾ ਪਰਿਵਾਰ ਦੇ ਹਮਦਰਦ ਨੇ ਇਹ ਵੱਡੀ ਜੁੰਮੇਵਾਰੀ ਸਵੀਕਾਰ ਕਰ ਲਈ।

*ਪਸ਼ੂਆਂ ਨੂੰ ਦੌਰੇ ਕਿਉਂ ਪੈਂਦੇ ਸਨ?

ਜਦੋਂ ਦੁਪਹਿਰ ਵੇਲੇ ਘਰ ਦੇ ਅੰਦਰ ਬੈਠੇ ਪਸ਼ੂ ਉਗਾਲੀ ਕਰ ਰਹੇ ਹੁੰਦੇ ਸਨ, ਅਚਾਨਕ ਲੜਕੀ ਇਕ ਸੋਟੀ ਲੈ ਕੇ ਉਹਨਾਂ ਬੈਠੇ ਪਸ਼ੂਆਂ ਦੇ ਨਹੁੰ 'ਤੇ ਸੋਟੀ ਦੀ ਨੋਕ ਜ਼ੋਰ ਨਾਲ ਮਾਰਦੀ, ਤਾਂ ਜਾਨਵਰ ਡਰ ਨਾਲ ਇੱਕ ਦਮ ਖੜ੍ਹਾ ਹੋ ਜਾਂਦਾ. ਜਿਸ ਕਾਰਨ ਘਰ ਵਿਚ ਖੜਕੇ(ਪਸ਼ੂ ਡਿੱਗਣ) ਇੱਕ ਉੱਚੀ ਆਵਾਜ਼ ਸੁਣਾਈ ਦਿੰਦੀ ... ਲੜਕੀ ਦੇ ਕਹਿਣ ਤੇ ਕਿ ਪਸ਼ੂ ਕਿਸੇ ਦੌਰੇ ਕਾਰਨ ਡਿੱਗ ਗਿਆ ਸੀ, ਹੁਣ ਇਹ ਠੀਕ ਹੈ, ਬਾਕੀ ਪਰਿਵਾਰ ਇਸ ਨੂੰ ਸੱਚ ਮੰਨ ਲੈਂਦਾ, ਦੋ ਛੋਟੇ ਪਸ਼ੂਆਂ ਦੀ ਮੌਤ ਇਕ ਬਿਮਾਰੀ ਕਾਰਨ ਹੋਈ ਸੀ. ਪਰ ਅੰਧਵਿਸ਼ਵਾਸੀ ਪਰਿਵਾਰ ਵਾਪਰ ਰਹੀਆਂ ਘਟਨਾਵਾਂ ਨੂੰ ਕਿਸੇ ਗੈਬੀ ਸ਼ਕਤੀ ਨਾ਼ਲ ਜੋੜਕੇ ਵੇਖ ਰਿਹਾ ਸੀ।

*ਸੂਈਆਂ ਦਾ ਵੱਜਣਾ;

ਜਦੋਂ ਕੋਈ ਚੇਲਾ ਘਰ ਆਉਂਦਾ, ਘਰ ਦਾ ਮਾਹੌਲ ਡਰਾਉਣਾ ਹੋ ਜਾਂਦਾ। ਲੜਕੀ ਖ਼ੁਦ ਹੌਲੀ-ਹੌਲੀ ਆਪਣੀਆਂ ਉਂਗਲਾਂ ਨਾਲ ਆਪਣੀ ਖੁਸ਼ਕ ਚਮੜੀ ਵਿੱਚ ਸੂਈਆਂ ਪਾ ਲੈਂਦੀ। ਆਮ ਲੋਕ ਇਸ ਨੂੰ ਸਮਝ ਨਹੀਂ ਰਹੇ ਸਨ।

ਇਸੇ ਤਰ੍ਹਾਂ ਡਰ ਨੂੰ ਕਾਇਮ ਰੱਖਣ ਲਈ ਬਾਬੇ ਅਤੇ ਉਨ੍ਹਾਂ ਦੇ ਏਜੰਟ ਘਰ ਦੇ ਅੰਦਰ ਅਤੇ ਬਾਹਰੋਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਸਨ, ਇਸੇ ਤਰਾਂ ਇੱਟਾਂ ਡਿੱਗਣ, ਲੜਕੇ ਨੂੰ ਧੱਕਾ ਦੇਣਾ, ਦੁੱਧ ਦਾ ਖੂਨ ਬਣਨਾ, ਟੂਣਾ ਬਣਨਾ ਆਦਿ ਅਲੋਕਾਰੀ ਘਟਨਾਵਾਂ ਵਾਪਰ ਰਹੀਆਂ ਸਨ। ਅਜਿਹੇ ਵਰਤਾਰੇ ਸਾਡੇ ਮਰਦ ਪ੍ਰਧਾਨ ਸਮਾਜ ਹੋਣ ਕਰਕੇ ਅਤੇ ਸਾਡੇ ਮਾੜੇ ਰਾਜਨੀਤਿਕ ਪ੍ਰਬੰਧ ਦਾ ਨਤੀਜਾ ਹੁੰਦੇ ਹਨ ਜਿਸਨੂੰ ਬਦਲਿਆਂ ਹੀ ਆਮ ਲੋਕਾਈ ਦੇ ਅਸਲੀ ਹੱਲ ਹਨ...ਪਰ ਇਸਦੇ ਬਾਵਜੂਦ...

... ਅਗਲੇ ਹੀ ਕੁੱਝ ਦਿਨਾਂ ਬਾਅਦ ਕੁੜੀ ਨੂੰ ਆਪਣੀ ਮਾਸੀ ਕੋਲ ਛੱਡ ਦਿੱਤਾ ਗਿਆ, ਅਤੇ ਉਸਨੂੰ ਆਪਣੇ ਛੋਟੇ ਭਰਾ ਨਾਲ ਸਕੂਲ ਵੀ ਭੇਜਣ ਲਾ ਦਿੱਤਾ ਗਿਆ,

... ਬਹੁਤ ਸਾਲਾਂ ਬਾਅਦ, ਉਹੀ ਲੜਕੀ ਮਾ ਸ਼ਮਸ਼ੇਰ ਚੋਰਮਾਰ ਨੂੰ ਅਚਾਨਕ ਕਿਤੇ ਮਿਲੀ ਅਤੇ ਉਸਨੇ ਪੁੱਛਿਆ "ਕੀ ਤੁਸੀਂ ਮੈਨੂੰ ਜਾਣਦੇ ਹੋ? ਮੈਂ ਉਹੀ ਲੜਕੀ ਹਾਂ .. ਰਾਜਸਥਾਨ ਵਾ਼ਲੀ ... ਜਿਸ ਨੂੰ ਤੁਸੀਂ ਕਾਵਾਂ ਤੋਂ ਬਚਾਇਆ ਸੀ " ਧੰਨਵਾਦ! ਮੇਰਾ ਵਿਆਹ ਵੀ ਹੋ ਗਿਆ ਹੈ ਤੇ ਮੈਂ ਹੁਣ ਬਹੁਤ ਖੁਸ਼ ਹਾਂ।



**ਮਾਸਟਰ ਪਰਮ ਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

## ਵਕਤ ਦੀ ਚਪੇੜ

**ਘਰ** ਦੀ ਨਿੱਤ ਵਰਤੋਂ ਦਾ ਸਾਮਾਨ ਖਰੀਦਣ ਪਿੱਛੋਂ ਜਦ ਮੈਂ ਸ਼ਰਮਾ ਸਵੀਟ ਸ਼ਾਪ ਮਾਹਿਲਪੁਰ ਤੋਂ ਬੱਚਿਆਂ ਲਈ ਮਠਿਆਈ ਦਾ ਡੱਬਾ ਲੈ ਕੇ ਪਿੱਛੇ ਮੁੜਿਆ, ਤਾਂ ਮੈਂ ਵੇਖਿਆ, ਇੱਕ ਔਰਤ ਮਠਿਆਈ ਲੈਣ ਲਈ ਸ਼ਾਪ ਵਿੱਚ ਦਾਖਲ ਹੋ ਰਹੀ ਸੀ। ਉਹ ਔਰਤ ਮੈਡਮ ਕਰਮਜੀਤ ਸੀ, ਜੋ ਦਸ ਸਾਲ ਪਹਿਲਾਂ ਮੇਰੇ ਨਾਲ ਸਰਕਾਰੀ ਹਾਈ ਪੋਜੇਵਾਲ ਪੜ੍ਹਾਉਂਦੀ ਸੀ। ਕੁੱਝ ਸਮੇਂ ਬਾਅਦ ਮੈਂ ਬਦਲੀ ਕਰਵਾ ਕੇ ਆਪਣੇ ਪਿੰਡ ਦੇ ਸਰਕਾਰੀ ਹਾਈ ਸਕੂਲ ਆ ਗਿਆ ਸਾਂ। ਉੱਥੇ ਉਸ ਨੇ ਆਪਣੇ ਸਕੂਲ ਦੇ ਕਲਰਕ ਪਰਮਿੰਦਰ ਸਿੰਘ ਨਾਲ ਅੰਤਰ ਜਾਤੀ ਵਿਆਹ ਕਰਵਾ ਲਿਆ ਸੀ। ਭਾਵੇਂ ਕਲਰਕ ਪਰਮਿੰਦਰ ਸਿੰਘ ਦਾ ਰੰਗ ਗੋਰਾ ਸੀ, ਪਰ ਉਹ ਰੱਜ ਕੇ ਸ਼ਰਾਬ ਪੀਣ ਵਾਲਾ, ਹੇਰਾਫੇਰੀ ਕਰਨ ਵਾਲਾ ਤੇ ਵੱਧ, ਘੱਟ ਬੋਲਣ ਵਾਲਾ ਬੰਦਾ ਸੀ। ਮੈਨੂੰ ਵੇਖ ਕੇ ਮੈਡਮ ਕਰਮਜੀਤ ਨੇ ਆਪਣਾ ਸਿਰ ਸਤਿਕਾਰ ਵਜੋਂ ਝੁਕਾਇਆ। ਮੇਰੇ ਹਾਲ ਪੁੱਛਣ ਤੇ ਉਸ ਨੇ ਦੱਸਿਆ," ਵਿਆਹ ਤੋਂ ਛੇ ਸਾਲ ਬਾਅਦ ਮੇਰੇ ਪਤੀ ਦੀ ਜ਼ਿਆਦਾ ਸ਼ਰਾਬ ਪੀਣ ਨਾਲ ਮੌਤ ਹੋ ਗਈ ਸੀ। ਇੱਕ ਬੇਟੀ ਹੋਈ ਸੀ, ਉਹ ਵੀ ਰੱਬ ਨੇ ਖੋਹ ਲਈ। ਹੁਣ ਮੈਂ ਘਰ ਵਿੱਚ ਕੱਲੀ ਰਹਿੰਦੀ ਆਂ। ਵਿਆਹ ਕਰਵਾਣ ਦਾ ਸੁਆਦ ਨ੍ਹੀ ਆਇਆ। ਉਸ ਵੇਲੇ ਜਜ਼ਬਾਤੀ ਹੋ ਕੇ ਮੈਂ ਪਰਮਿੰਦਰ ਨਾਲ ਵਿਆਹ ਕਰਵਾਣ ਦਾ ਫੈਸਲਾ ਕਰ ਲਿਆ ਸੀ। ਹੁਣ ਪਤਾ ਲੱਗਦਾ, ਮੇਰਾ ਫੈਸਲਾ ਕਿੰਨਾ ਗਲਤ ਸੀ। ਮੈਂ ਤੁਹਾਡੀ ਵਿਆਹ ਦੀ ਪਰਪੋਜਲ ਨਾ ਮੰਨ ਕੇ ਮੈਂ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਸੀ। ਹੁਣ ਮੈਨੂੰ ਵਕਤ ਦੀ ਚਪੇੜ ਨੇ ਆਪਣੀ ਗਲਤੀ ਦਾ ਅਹਿਸਾਸ ਕਰਵਾ ਦਿੱਤਾ ਆ । ਜੇ ਹੋ ਸਕੇ, ਤਾਂ ਮੈਨੂੰ ਮਾਫ ਕਰ ਦਿਉ। ਮਈ ਦਿਵਸ ਦੀ ਛੁੱਟੀ ਹੋਣ ਕਾਰਨ ਇੱਥੇ ਮੈਂ ਆਪਣੀ ਭੈਣ ਨੂੰ ਮਿਲਣ ਆਈ ਆਂ। ਉਸ ਨਾਲ ਚਾਰ ਗੱਲਾਂ ਕਰਕੇ ਦਿਲ ਦਾ ਭਾਰ ਹੌਲਾ ਹੋ ਜਾਊਗਾ।" ਇਹ ਗੱਲਾਂ ਕਰਦੀ ਉਹ ਬੜੀ ਭਾਵੁਕ ਹੋ ਗਈ ਸੀ। ਫਿਰ ਉਹ ਆਪਣੇ ਆਪ ਨੂੰ ਸੰਭਾਲ ਕੇ , ਸ਼ਾਪ ਤੋਂ ਮਠਿਆਈ ਦਾ ਡੱਬਾ ਲੈ ਕੇ, ਮੈਨੂੰ ਬੁਲਾ ਕੇ ਆਪਣੀ ਭੈਣ ਦੇ ਘਰ ਜਾਣ ਲਈ ਸਕੂਟਰੀ ਸਟਾਰਟ ਕਰਕੇ ਤੁਰ ਪਈ।

**ਮਹਿੰਦਰ ਸਿੰਘ ਮਾਨ**
**ਫੋਨ- 9915803554**

# ਬਹੁਤ ਡੂੰਘਾ ਹੁੰਦਾ ਹੈ ਜ਼ੁਬਾਨ ਦਾ ਡੰਗ : ਤੁਹਾਡੇ ਸ਼ਬਦਾਂ ਦੀ ਸ਼ਕਤੀ

ਸ਼ਬਦ ਮਨੁੱਖਤਾ ਨੂੰ ਦਿੱਤੇ ਗਏ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਿੱਚੋਂ ਇੱਕ ਹਨ। ਉਹ ਪੁਲ ਬਣਾ ਸਕਦੇ ਹਨ ਜਾਂ ਉਨ੍ਹਾਂ ਨੂੰ ਸਾੜ ਸਕਦੇ ਹਨ, ਆਤਮਾਵਾਂ ਨੂੰ ਉੱਚਾ ਚੁੱਕ ਸਕਦੇ ਹਨ ਜਾਂ ਉਹਨਾਂ ਨੂੰ ਕੁਚਲ ਸਕਦੇ ਹਨ। ਜਦੋਂ ਕਿ ਸਰੀਰਕ ਜ਼ਖ਼ਮ ਸਮੇਂ ਦੇ ਨਾਲ ਠੀਕ ਹੋ ਸਕਦੇ ਹਨ, ਕਠੋਰ ਸ਼ਬਦਾਂ ਦੁਆਰਾ ਪੈਦਾ ਹੋਏ ਜ਼ਖ਼ਮ - ਅਕਸਰ ਗੁੱਸੇ, ਨਿਰਾਸ਼ਾ, ਜਾਂ ਲਾਪਰਵਾਹੀ ਦੇ ਪਲਾਂ ਵਿੱਚ ਦਿੱਤੇ ਜਾਂਦੇ ਹਨ - ਬਹੁਤ ਲੰਬੇ ਸਮੇਂ ਤੱਕ ਰਹਿ ਸਕਦੇ ਹਨ, ਭਾਵਨਾਤਮਕ ਜ਼ਖ਼ਮ ਛੱਡ ਸਕਦੇ ਹਨ ਜੋ ਇੱਕ ਵਿਅਕਤੀ ਆਪਣੇ ਆਪ ਨੂੰ ਅਤੇ ਦੁਨੀਆ ਨੂੰ ਕਿਵੇਂ ਵੇਖਦਾ ਹੈ ਨੂੰ ਆਕਾਰ ਦਿੰਦੇ ਹਨ। ਇਸੇ ਲਈ ਕਿਹਾ ਜਾਂਦਾ ਹੈ, *"ਜੀਭ ਦਾ ਡੰਗ ਬਹੁਤ ਡੂੰਘਾ ਹੁੰਦਾ ਹੈ।"*

ਸਰੀਰਕ ਦਰਦ ਦੇ ਉਲਟ, ਬੇਰਹਿਮ ਸ਼ਬਦਾਂ ਦੁਆਰਾ ਹੋਣ ਵਾਲਾ ਦਰਦ ਅਕਸਰ ਲੁਕਿਆ ਰਹਿੰਦਾ ਹੈ। ਇੱਕ ਕੁਚਲਿਆ ਹੋਇਆ ਹਉਮੈ, ਕੁਚਲੀ ਹੋਈ ਆਤਮਾ, ਜਾਂ ਟੁੱਟਿਆ ਦਿਲ ਅੱਖਾਂ ਨੂੰ ਦਿਖਾਈ ਨਹੀਂ ਦਿੰਦਾ, ਪਰ ਉਹ ਉਨੇ ਹੀ ਅਸਲੀ ਹੁੰਦੇ ਹਨ। ਜੋ ਬੱਚੇ ਇਹ ਸੁਣਦੇ ਹੋਏ ਵੱਡੇ ਹੁੰਦੇ ਹਨ ਕਿ ਉਹ "ਕਾਫ਼ੀ ਚੰਗੇ ਨਹੀਂ ਹਨ" ਉਹ ਇਸ ਵਿਸ਼ਵਾਸ ਨੂੰ ਬਾਲਗਤਾ ਵਿੱਚ ਲੈ ਜਾ ਸਕਦੇ ਹਨ। ਜੋ ਸਾਥੀ ਇੱਕ ਦੂਜੇ ਨੂੰ ਨੀਵਾਂ ਦਿਖਾਉਂਦੇ ਹਨ ਉਹ ਹੌਲੀ-ਹੌਲੀ ਆਪਣੇ ਰਿਸ਼ਤੇ ਵਿੱਚ ਪਿਆਰ ਅਤੇ ਸਤਿਕਾਰ ਨੂੰ ਖਤਮ ਕਰ ਸਕਦੇ ਹਨ। ਇੱਕ ਦੋਸਤ, ਅਧਿਆਪਕ, ਜਾਂ ਮਾਤਾ-ਪਿਤਾ ਦੀ ਇੱਕ ਵੀ ਬੇਰਹਿਮ ਟਿੱਪਣੀ ਸਾਲਾਂ ਤੱਕ ਗੂੰਜ ਸਕਦੀ ਹੈ। ਭਾਸ਼ਾ ਵਿੱਚ ਹਕੀਕਤ ਨੂੰ ਆਕਾਰ ਦੇਣ ਦੀ ਸ਼ਕਤੀ ਹੁੰਦੀ ਹੈ। ਇੱਕ ਤਾਰੀਫ਼ ਕਿਸੇ ਦੇ ਦਿਨ ਨੂੰ ਰੌਸ਼ਨ ਕਰ ਸਕਦੀ ਹੈ ਅਤੇ ਵਿਸ਼ਵਾਸ ਨੂੰ ਪ੍ਰੇਰਿਤ ਕਰ ਸਕਦੀ ਹੈ, ਜਦੋਂ ਕਿ ਇੱਕ ਬੇਰਹਿਮ ਟਿੱਪਣੀ ਸਵੈ-ਸ਼ੱਕ ਜਾਂ ਉਦਾਸੀ ਵੱਲ ਲੈ ਜਾ ਸਕਦੀ ਹੈ। ਵਿਅੰਗ ਦਾ ਡੰਗ, ਗੱਪਾਂ ਦਾ ਜ਼ਹਿਰ, ਬੋਲੇ ਗਏ ਸ਼ਬਦਾਂ ਰਾਹੀਂ ਵਿਸ਼ਵਾਸਘਾਤ ਦਾ ਦਰਦ - ਇਹਨਾਂ ਸਾਰਿਆਂ ਦੇ ਸਥਾਈ ਪ੍ਰਭਾਵ ਹੋ ਸਕਦੇ ਹਨ। ਪੇਸ਼ੇਵਰ ਵਾਤਾਵਰਣ ਵਿੱਚ, ਕਿਸੇ ਉੱਚ ਜਾਂ ਸਾਥੀ ਦੀ ਇੱਕ ਜ਼ਹਿਰੀਲੀ ਟਿੱਪਣੀ ਮਨੋਬਲ ਅਤੇ ਪ੍ਰਦਰਸ਼ਨ ਨੂੰ ਘਟਾ ਸਕਦੀ ਹੈ। ਸਮਾਜਿਕ ਚੱਕਰਾਂ ਵਿੱਚ, ਅਫਵਾਹਾਂ ਅਤੇ ਤਿੱਖੀਆਂ ਆਲੋਚਨਾਵਾਂ ਵਿਅਕਤੀਆਂ ਨੂੰ ਅਲੱਗ-ਥਲੱਗ ਕਰ ਸਕਦੀਆਂ ਹਨ। ਔਨਲਾਈਨ, ਸਕ੍ਰੀਨ 'ਤੇ ਟਾਈਪ ਕੀਤੇ ਸ਼ਬਦ ਕਮਜ਼ੋਰ ਲੋਕਾਂ ਨੂੰ ਭਾਵਨਾਤਮਕ ਪ੍ਰੇਸ਼ਾਨੀ ਵਿੱਚ ਧੱਕ ਸਕਦੇ ਹਨ। ਹਰ ਸੈਟਿੰਗ ਵਿੱਚ, ਜੀਭ ਵਿੱਚ ਸਾਡੇ ਅਕਸਰ ਅਹਿਸਾਸ ਨਾਲੋਂ ਕਿਤੇ ਜ਼ਿਆਦਾ ਨੁਕਸਾਨ ਪਹੁੰਚਾਉਣ ਦੀ ਸ਼ਕਤੀ ਹੁੰਦੀ ਹੈ।

ਜਾਗਰੂਕਤਾ ਜ਼ਿੰਮੇਵਾਰੀ ਵੱਲ ਪਹਿਲਾ ਕਦਮ ਹੈ। ਅਸੀਂ ਕੀ ਕਹਿੰਦੇ ਹਾਂ - ਅਤੇ ਅਸੀਂ ਇਸਨੂੰ ਕਿਵੇਂ ਕਹਿੰਦੇ ਹਾਂ - ਇਸ ਬਾਰੇ ਸੁਚੇਤ ਰਹਿਣਾ ਸਾਡੇ ਸੰਬੰਧਾਂ ਅਤੇ ਭਾਈਚਾਰਿਆਂ ਨੂੰ ਬਦਲ ਸਕਦਾ ਹੈ। ਬੋਲਣ ਤੋਂ ਪਹਿਲਾਂ, ਇਹ ਪੁੱਛਣ ਦੇ ਯੋਗ ਹੈ:

* ਕੀ ਇਹ ਸੱਚ ਹੈ ?
* ਕੀ ਇਹ ਜ਼ਰੂਰੀ ਹੈ ?

ਇਹ ਸਵਾਲ ਸਧਾਰਨ ਲੱਗ ਸਕਦੇ ਹਨ, ਪਰ ਇਹ ਬੇਲੋੜੇ ਨੁਕਸਾਨ ਨੂੰ ਰੋਕਣ ਦੀ ਸ਼ਕਤੀ ਰੱਖਦੇ ਹਨ। ਜਦੋਂ ਅਸੀਂ ਆਪਣੀ ਬੋਲੀ ਵਿੱਚ ਦਿਆਲਤਾ ਅਤੇ ਹਮਦਰਦੀ ਦੀ ਚੋਣ ਕਰਦੇ ਹਾਂ, ਤਾਂ ਅਸੀਂ ਹਰ ਕਿਸੇ ਲਈ ਇੱਕ ਵਧੇਰੇ ਸਹਾਇਕ ਵਾਤਾਵਰਣ ਬਣਾਉਂਦੇ ਹਾਂ।

ਉਹਨਾਂ ਲਈ ਜੋ ਸ਼ਬਦਾਂ ਦੁਆਰਾ ਜ਼ਖਮੀ ਹੋਏ ਹਨ, ਇਲਾਜ ਸੰਭਵ ਹੈ - ਪਰ ਇਸ ਵਿੱਚ ਸਮਾਂ, ਪ੍ਰਤੀਬਿੰਬ, ਅਤੇ ਕਈ ਵਾਰ ਪੇਸ਼ੇਵਰ ਸਹਾਇਤਾ ਦੀ ਲੋੜ ਹੁੰਦੀ ਹੈ। ਪੁਸ਼ਟੀਕਰਨ, ਸਕਾਰਾਤਮਕ ਰਿਸ਼ਤੇ, ਅਤੇ ਸਵੈ-ਹਮਦਰਦੀ ਦਾ ਅਭਿਆਸ ਸਾਲਾਂ ਦੇ ਜ਼ੁਬਾਨੀ ਨੁਕਸਾਨ ਦਾ ਮੁਕਾਬਲਾ ਕਰਨ ਵਿੱਚ ਮਦਦ ਕਰ ਸਕਦਾ ਹੈ।

ਦੂਜਿਆਂ ਅਤੇ ਆਪਣੇ ਆਪ ਦੋਵਾਂ ਨੂੰ ਮਾਫ਼ ਕਰਨਾ ਵੀ ਚੰਗਾ ਹੈ। ਬਹੁਤ ਸਾਰੇ ਲੋਕ ਜੋ ਦੁਖਦਾਈ ਬੋਲਦੇ ਹਨ, ਆਪਣੇ ਦਰਦ ਜਾਂ ਅਗਿਆਨਤਾ ਦੀ ਜਗ੍ਹਾ ਤੋਂ ਅਜਿਹਾ ਕਰਦੇ ਹਨ। ਇਸ ਨੂੰ ਸਮਝਣਾ ਵਿਵਹਾਰ ਨੂੰ ਮਾਫ਼ ਨਹੀਂ ਕਰਦਾ, ਪਰ ਇਹ ਤੁਹਾਡੇ ਦਿਲ 'ਤੇ ਆਪਣੀ ਪਕੜ ਨੂੰ ਛੱਡਣ ਵਿੱਚ ਮਦਦ ਕਰ ਸਕਦਾ ਹੈ।

ਜੀਭ ਛੋਟੀ ਹੈ, ਫਿਰ ਵੀ ਇਸਦੀ ਸ਼ਕਤੀ ਬਹੁਤ ਜ਼ਿਆਦਾ ਹੈ। ਇਹ ਉੱਚਾ ਚੁੱਕ ਸਕਦੀ ਹੈ ਜਾਂ ਨਸ਼ਟ ਕਰ ਸਕਦੀ ਹੈ, ਚੰਗਾ ਕਰ ਸਕਦੀ ਹੈ ਜਾਂ ਦੁਖੀ ਕਰ ਸਕਦੀ ਹੈ। ਆਓ ਯਾਦ ਰੱਖੀਏ: ਜਦੋਂ ਚੁੱਪ ਸੁਨਹਿਰੀ ਹੋ ਸਕਦੀ ਹੈ, ਬੋਲੀ - ਜਦੋਂ ਸਮਝਦਾਰੀ ਨਾਲ ਵਰਤੀ ਜਾਂਦੀ ਹੈ - ਅਨਮੋਲ ਹੈ। ਆਓ ਅਸੀਂ ਆਪਣੇ ਸ਼ਬਦਾਂ ਨੂੰ ਧਿਆਨ ਨਾਲ ਚੁਣੀਏ, ਕਿਉਂਕਿ ਜੀਭ ਦਾ ਡੰਗ ਡੂੰਘਾ ਹੁੰਦਾ ਹੈ, ਪਰ ਦਿਆਲੂ, ਸੋਚ-ਸਮਝ ਕੇ ਬੋਲਣ ਦਾ ਮਲਮ ਵੀ ਇਸ ਤਰ੍ਹਾਂ ਕਰ ਸਕਦਾ ਹੈ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਸਸਸਸ ਹਾਕੂਵਾਲਾ**
**ਸ੍ਰੀ ਮੁਕਤਸਰ ਸਾਹਿਬ**
**79860-27454**

# ਉੱਤਰੀ ਧਰੁਵ ਅਤੇ ਦੱਖਣੀ ਧਰੁਵ

ਜਲਵਾਯੂ ਬਦਲਾਅ ਕਾਰਨ ਸਾਡੇ ਗ੍ਰਹਿ ਨੂੰ ਨਵੀਂ ਸ਼ਕਲ ਦੇਣ ਦੀ ਤਿਆਰੀ ਹੈ। ਉੱਤਰੀ ਅਤੇ ਦੱਖਣੀ ਧਰਤੀ ਆਸਾਨੀ ਨਾਲ ਵਾਤਾਵਰਣਕ ਬਦਲਾਅ ਦੇ ਸੰਕੇਤਕ ਵਜੋਂ ਖੜੇ ਹਨ। ਇਹ ਧਰਤੀ ਦੇ ਧਰਣੀਆਂ ਹਾਲਾਂਕਿ ਆਪਣੇ ਹਾਲਾਤਾਂ ਵਿੱਚ ਦੋਵੇਂ ਅਨੋਖੀਆਂ ਹਨ। ਸਾਡੇ ਗ੍ਰਹਿ ਦੀ ਸਿਹਤ ਅਤੇ ਸਾਡੇ ਪਾਰਿਸਥਿਤਕੀ ਤੰਤਰਾਂ ਦੇ ਭਵਿੱਖ ਬਾਰੇ ਵਿਲੱਖਣ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

**ਉੱਤਰੀ ਧਰਤੀ: ਬਦਲਦਾ ਦ੍ਰਿਸ਼**

ਉੱਤਰੀ ਧਰੁਵ ਜੋ ਆਰਕਟਿਕ ਸਮੁੰਦਰ ਵਿੱਚ ਸਥਿਤ ਹੈ ਆਪਣੇ ਤੈਰਦੇ ਸਮੁੰਦਰ ਦੇ ਬਰਫ਼ ਨਾਲ ਜਾਣੀ ਜਾਂਦੀ ਹੈ, ਜੋ ਚਿੰਤਾ ਜਨਕ ਰੇਟ 'ਤੇ ਘਟ ਰਹੀ ਹੈ। ਹਾਲੀਆ ਅਧਿਐਨਾਂ ਦੇ ਅਨੁਸਾਰ, ਆਰਕਟਿਕ ਸਮੁੰਦਰ ਦੀ ਬਰਫ਼ ਦੀ ਵਿਆਪਕਤਾ 1970 ਦੇ ਦਹਾਕੇ ਤੋਂ ਲਗਭਗ 40% ਘਟ ਚੁੱਕੀ ਹੈ। ਇਸ ਨੁਕਸਾਨ ਨਾਲ ਨਾ ਸਿਰਫ਼ ਸਥਾਨਕ ਜੀਵ ਜਿਵੇਂ ਕਿ ਧ੍ਰੁਵ ਬਰਫ਼ ਦੇ ਪੈਂਡੇ ਅਤੇ ਸੀਲਾਂ 'ਤੇ ਪ੍ਰਭਾਵ ਪੈਦਾ ਹੁੰਦਾ ਹੈ, ਇਹ ਗਲੋਬਲ ਸਮੁੰਦਰ ਦੀ ਪੱਧਰ ਵਿੱਚ ਵੀ ਵਾਧਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ।

ਸ਼ੋਧਕਾਂ ਨੇ ਇਨ੍ਹਾਂ ਬਦਲਾਵਾਂ ਨੂੰ ਨਜ਼ਰ ਰੱਖਣ ਲਈ ਉੱਚ ਤਕਨੀਕੀ ਸੈਟੇਲਾਈਟ ਤਕਨਾਲੋਜੀ ਦਾ ਉਪਯੋਗ ਕੀਤਾ ਹੈ। ਡੇਟਾ ਦਰਸਾਉਂਦਾ ਹੈ ਕਿ ਆਰਕਟਿਕ ਗਲੋਬਲ ਔਸਤ ਦੀ ਦਰ ਨਾਲੋਂ ਦੋ ਗੁਣਾ ਤੇਜ਼ੀ ਨਾਲ ਗਰਮ ਹੋ ਰਿਹਾ ਹੈ, ਜਿਸ ਨਾਲ ਪਰਮਾਫ੍ਰਾਸਟ ਦੇ ਪਿਘਲਣ ਅਤੇ ਗ੍ਰੀਨਹਾਉਸ ਗੈਸਾਂ ਦੇ ਰਿਹਾਈ ਬਾਰੇ ਚਿੰਤਾਵਾਂ ਉੱਠ ਰਹੀਆਂ ਹਨ।

ਵਾਤਾਵਰਣਕ ਚਿੰਤਾਵਾਂ ਦੇ ਇਲਾਵਾ, ਉੱਤਰੀ ਧਰਤੀ ਭੂਗੋਲਿਕ ਰੁਚੀਆਂ ਲਈ ਇੱਕ ਕੇਂਦਰ ਬਣ ਗਈ ਹੈ। ਜਿਵੇਂ ਬਰਫ਼ ਪਿਘਲਦੀ ਹੈ ਨਵੇਂ ਸ਼ਿਪਿੰਗ ਰੂਟ ਖੁੱਲ ਰਹੇ ਹਨ ਜਿਸ ਨਾਲ ਦੇਸ਼ਾਂ ਨੂੰ ਇਸ ਖੇਤਰ ਵਿੱਚ ਦਾਅਵੇ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਅੰਤਰਰਾਸ਼ਟਰ ਕਾਨੂੰਨ ਅਤੇ ਸਹਿਯੋਗ ਲਈ ਪ੍ਰਭਾਵ ਮਹੱਤਵਪੂਰਣ ਹਨ ਜਿਵੇਂ ਕਿ ਦੇਸ਼ ਖੋਜ ਅਤੇ ਸੰਰੱਖਣ ਵਿਚ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।

***ਦੱਖਣੀ ਧਰੁਵ: ਇੱਕ ਜਮੀਨੀ ਸਰਹੱਦ***

ਇਸ ਦੇ ਵਿਰੋਧ ਦੱਖਣੀ ਧਰਤੀ, ਜੋ ਐਂਟੀਆਰਕਟਿਕਾ ਦੇ ਮਹਾਦੀਪ 'ਤੇ ਸਥਿਤ ਹੈ ਧਰਤੀ 'ਤੇ ਸਭ ਤੋਂ ਨਿਸ਼ਕਾਸਿਤ ਥਾਵਾਂ ਵਿੱਚੋਂ ਇੱਕ ਹੈ। ਇਹ 60% ਦੁਨੀਆ ਦੇ ਤਾਜ਼ਾ ਪਾਣੀ ਨੂੰ ਰੱਖਦੀ ਬਰਫ਼ ਦੀ ਮੋਟੀ ਪਰਤ ਨਾਲ ਢੱਕੀ ਹੋਈ ਹੈ ਜੋ ਧਰਤੀ ਦੇ ਮੌਸਮ ਪ੍ਰਣਾਲੀ ਦਾ ਇੱਕ ਮਹੱਤਵਪੂਰਣ ਹਿੱਸਾ ਹੈ। ਹਾਲਾਂਕਿ, ਹਾਲੀਆ ਖੋਜ ਦਰਸਾਉਂਦੀ ਹੈ ਕਿ ਇਹ ਜਮੀਨੀ ਸਰਹੱਦ ਵੀ ਜਲਵਾਯੂ ਬਦਲਾਅ ਤੋਂ ਮੁਕਤ ਨਹੀਂ ਹੈ। ਐਂਟੀਆਰਕਟਿਕਾ ਦੀ ਬਰਫ਼ ਦੀਆਂ ਪਰਤਾਂ ਅਸਥਿਰਤਾ ਦੇ ਨਿਸ਼ਾਨ ਦਰਸਾ ਰਹੀਆਂ ਹਨ ਜਿਸ ਵਿੱਚ ਥਵਾਈਟਸ ਗਲੇਸ਼ੀਅਰ ਵਰਗੇ ਖੰਡ ਬੇਹੱਦ ਤੇਜ਼ੀ ਨਾਲ ਪਿੱਛੇ ਹਟ ਰਹੇ ਹਨ। ਵਿਗਿਆਨੀਆਂ ਦੀ ਚੇਤਾਵਨੀ ਹੈ ਕਿ ਜੇ ਇਹ ਬਰਫ਼ ਦੀਆਂ ਪਰਤਾਂ ਢਹਿ ਜਾਂਦੀਆਂ ਹਨ, ਤਾਂ ਇਹ ਮਹੱਤਵਪੂਰਣ ਗਲੋਬਲ ਸਮੁੰਦਰ ਪੱਧਰ ਵਿੱਚ ਵਾਧਾ ਕਰ ਸਕਦੀਆਂ ਹਨ, ਜਿਸ ਨਾਲ ਕੋਸਟਲ ਖੇਤਰਾਂ ਵਿੱਚ ਰਹਿਣ ਵਾਲੇ ਲੱਖਾਂ ਲੋਕਾਂ ਨੂੰ ਵਿਸਥਾਪਿਤ ਕਰਨ ਦਾ ਸੰਭਾਵਨਾ ਬਣਦੀ ਹੈ।

ਐਂਟੀਆਰਕਟਿਕਾ ਵਿਗਿਆਨਕ ਖੋਜ ਦਾ ਕੇਂਦਰ ਵੀ ਹੈ। ਅੰਤਰਰਾਸ਼ਟਰਕ ਸਹਿਯੋਗ ਨੇ ਮੌਸਮ ਦੇ ਇਤਿਹਾਸ ਅਤੇ ਅਤਿ-ਕਠਿਨ ਹਾਲਾਤਾਂ ਵਿੱਚ ਜੀਵ ਵਿਵਿਧਤਾ ਬਾਰੇ ਅਦਭੁਤ ਖੋਜਾਂ ਨੂੰ ਜਨਮ ਦਿੱਤਾ ਹੈ। ਵੱਖ-ਵੱਖ ਦੇਸ਼ਾਂ ਦੁਆਰਾ ਚਲਾਏ ਜਾਣ ਵਾਲੇ ਖੋਜ ਕੇਂਦਰ ਕੀਮਤੀ ਡੇਟਾ ਪ੍ਰਦਾਨ ਕਰਦੇ ਹਨ ਜੋ ਵਿਗਿਆਨੀਆਂ ਨੂੰ ਭੂਤਕਾਲੀ ਮੌਸਮ ਪੈਟਰਨ ਨੂੰ ਸਮਝਣ ਅਤੇ ਭਵਿੱਖ ਦੇ ਬਦਲਾਵਾਂ ਦੀ ਭਵਿੱਖਬਾਣੀ ਕਰਨ ਵਿੱਚ ਮਦਦ ਕਰਦਾ ਹੈ।

***ਸੰਰੱਖਣ ਯਤਨਾਂ ਦੀ ਮਹੱਤਤਾ***

ਦੋਵੇਂ ਧ੍ਰੁਵੀ ਖੇਤਰ ਜਲਵਾਯੂ ਬਦਲਾਅ ਅਤੇ ਇਸ ਦੇ ਗਲੋਬਲ ਪ੍ਰਭਾਵਾਂ ਨੂੰ ਸਮਝਣ ਲਈ ਮਹੱਤਵਪੂਰਣ ਹਨ। ਜਿਵੇਂ ਹੀ ਤਾਪਮਾਨ ਵਧਦਾ ਹੈ ਅਤੇ ਬਰਫ਼ ਪਿਘਲਦੀ ਰਹਿੰਦੀ ਹੈ ਸੰਰੱਖਣ ਯਤਨਾਂ ਦੀ ਲੋੜ ਵਧਦੀ ਜਾ ਰਹੀ ਹੈ। ਕਾਰਬਨ ਉਤਸਰਜਨ ਨੂੰ ਘਟਾਉਣ ਅਤੇ ਇਨ੍ਹਾਂ ਨਾਜੁਕ ਪਾਰਿਸਥਿਤਕੀ ਤੰਤਰਾਂ ਦੀ ਸੁਰੱਖਿਆ ਕਰਨ ਵਾਲੀਆਂ ਪਹਿਲਕਦਮੀਆਂ ਗਲੋਬਲ ਜੀਵ ਵਿਵਿਧਤਾ ਅਤੇ ਮੌਸਮ ਦੀ ਸਥਿਰਤਾ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ।

ਹਾਲੀਆ ਵਰ੍ਹਿਆਂ ਵਿੱਚ, ਧ੍ਰੁਵੀ ਖੇਤਰਾਂ ਲਈ ਮਜ਼ਬੂਤ ਸੁਰੱਖਿਆ ਦੀ ਮੰਗ ਵਧ ਰਹੀ ਹੈ। ਐਂਟੀਆਰਕਟਿਕ ਟ੍ਰੀਟੀ ਸਿਸਟਮ ਨੇ ਐਂਟੀਆਰਕਟਿਕਾ ਨੂੰ ਸ਼ਾਂਤੀਪੂਰਨ ਵਿਗਿਆਨਕ ਖੋਜ ਲਈ ਸੰਭਾਲਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ ਜਦੋਂ ਕਿ ਆਰਕਟਿਕ ਪ੍ਰਬੰਧਨ ਦੇ ਚਾਰ ਚਰਚਾਵਾਂ ਵਧ ਰਹੀਆਂ ਹਨ ਜਿਵੇਂ ਕਿ ਦੇਸ਼ ਆਰਥਿਕ ਰੁਚੀਆਂ ਅਤੇ ਵਾਤਾਵਰਨ ਸੰਭਾਲ ਵਿਚ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।

ਉੱਤਰੀ ਅਤੇ ਦੱਖਣੀ ਧਰਤੀ ਹਜ਼ਾਰਾਂ ਮਾਈਲ ਦੂਰ ਹੋ ਸਕਦੀਆਂ ਹਨ ਪਰ ਉਹ ਇੱਕ ਸਾਮਾਨ ਵਿਆਖਿਆ ਸਾਂਝਾ ਕਰਦੀਆਂ ਹਨ—ਇੱਕ ਸੁੰਦਰਤਾ, ਨਾਜ਼ੁਕੀ ਅਤੇ ਤੁਰੰਤਤਾ ਦੀ ਕਹਾਣੀ। ਜਿਵੇਂ ਕਿ ਅਸੀਂ ਇਨ੍ਹਾਂ ਦੂਰ ਦਰਾਜ਼ ਖੇਤਰਾਂ ਦੀ ਖੋਜ ਜਾਰੀ ਰੱਖਦੇ ਹਾਂ ਇਹ ਮਹੱਤਵਪੂਰਣ ਹੈ ਕਿ ਅਸੀਂ ਉਨ੍ਹਾਂ ਦੀ ਸੁਰੱਖਿਆ ਨੂੰ ਪ੍ਰਾਥਮਿਕਤਾ ਦੇਈਏ। ਸਾਡੇ ਗ੍ਰਹਿ ਦੀ ਸਿਹਤ ਇਸ 'ਤੇ ਨਿਰਭਰ ਕਰਦੀ ਹੈ ਇਹ ਯਾਦ ਦਿਵਾਉਂਦੀ ਹੈ ਕਿ ਧਰਤੀ ਦੇ ਸਭ ਤੋਂ ਦੂਰ ਦਰਾਜ਼ ਕੋਨੇ ਵੀ ਸਾਡੇ ਰੋਜ਼ਾਨਾ ਜੀਵਨ ਨਾਲ ਆਪਸੀ ਸੰਬੰਧਿਤ ਹਨ।



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005 (2 Awards) BSYA

ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ਸਰੀਰਕ ਸ਼ਕਤੀ: ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC) ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਬੱਚਿਆਂ ਦੀ ਬੀਮਾਰੀਆਂ, ਜਿਵੇਂ: (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) | £19 |
| NURALACO | (IN OINTMENT OR LOTION) | £19 |
| CHILLAGA | (IN OINTMENT OR LOTION) | £19 |
| ARNSTRA | (IN OINTMENT) | £19 |
| BELINFLA | (IN OIL OR OINTMENT) | £19 |
| BELULCE | (IN OIL) | £19 |
| BRYJOIN | (IN OIL) | £19 |
| CALWOUN | (IN OIL OR OINTMENT) | £19 |
| BURCAN | (IN LOTION OR OINTMENT) | £19 |
| ROUTUM | (IN OINTMENT) | £19 |
| JOINRHU | (IN OIL) | £19 |
| ABSSIL | (IN LOTION) | £19 |
| ITCSUL | (IN OIL) | £19 |
| WARTHU | (IN OIL) | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਗੱਲ ਨੋਇਡਾ ਪ੍ਰਵਾਸ ਦੀ

ਓਦੋਂ ਅਸੀਂ ਨੋਇਡਾ ਦੇ ਛਿਪੰਜਾ ਸੈਕਟਰ ਦੀ ਤਹਿ ਨੰਬਰ ਕੋਠੀ ਦੇ ਗਰਾਊਂਡ ਫਲੋਰ ਚ ਰਹਿੰਦੇ ਸੀ। ਅਸੀਂ ਕੋਈਂ ਅੱਠ ਨੋ ਮਹੀਨੇ ਉਥੇ ਰਹੇ ਫਿਰ ਦੇਸ਼ ਵਿੱਚ ਕਰੋਨਾ ਨੇ ਦਸਤਕ ਦਿੱਤੀ ਤੇ ਅਸੀਂ ਵਾਪਿਸ ਡੱਬਵਾਲੀ ਪਰਤ ਆਏ। ਮੇਰੀ ਵੱਡੀ ਪੋਤੀ ਸੁਖਮਨੀ ਛੇ ਕੁ ਮਹੀਨਿਆਂ ਦੀ ਹੀ ਸੀ ਤੇ ਬੇਟੀ ਗਗਨ ਨੇ ਡਿਊਟੀ ਜਾਣਾ ਹੁੰਦਾ ਸੀ। ਇਹ ਕੋਠੀ ਮੇਨਰੋਡ ਦੇ ਕਾਰਨਰ ਤੇ ਬਣੀ ਹੋਣ ਕਰਕੇ ਸਿਕਊਰਿਟੀ ਪੋਸਟ ਸਾਡੇ ਗੇਟ ਦੇ ਜਵਾਂ ਮੂਹਰੇ ਸੀ ਜਿੱਥੇ ਅਸਮਾਨੀ ਤੇ ਨੀਲੇ ਰੰਗ ਦੀ ਵਰਦੀ ਵਾਲੇ ਦੋ ਜਵਾਨ ਹਮੇਸ਼ਾ ਤਾਇਨਾਤ ਰਹਿੰਦੇ ਸਨ। ਜਦੋਂ ਵੀ ਅਸੀਂ ਘਰੋਂ ਬਾਹਰ ਅੰਦਰ ਜਾਂਦੇ ਤਾਂ ਉਹ ਸਾਨੂੰ ਸਲੂਟ ਮਾਰਦੇ। ਬੇਟੀ ਗਗਨ ਹਮੇਸ਼ਾ ਉਹਨਾਂ ਨੂੰ ਐਂਕਲ ਆਖਦੀ ਤੇ ਉਹ ਵੀ ਬੇਟੀ ਹੀ ਕਹਿੰਦੇ। ਉਹਨਾਂ ਨਾਲ ਸਾਡੀ ਅਪਣੱਤ ਜਿਹੀ ਸੀ ਤੇ ਉਹ ਵੀ ਸਾਨੂੰ ਗੈਰ ਨਾ ਲੱਗਦੇ। ਪੋਹ ਮਾਘ ਦੀਆਂ ਠੰਡੀਆਂ ਰਾਤਾਂ ਨੂੰ ਵੀ ਉਹ ਜਾਗਕੇ ਡਿਊਟੀ ਦਿੰਦੇ। ਕਈ ਵਾਰੀ ਰਾਤ ਨੂੰ ਬੇਟੀ ਨੂੰ ਵੀ ਆਨਲਾਈਨ ਕੰਮ ਕਰਦੀ ਨੂੰ ਗਿਆਰਾਂ ਬਾਰਾਂ ਵੱਜ ਜਾਂਦੇ। ਉਹ ਸੌਣ ਤੋਂ ਪਹਿਲ਼ਾਂ ਉਹਨਾਂ ਨੂੰ ਗਰਮ ਗਰਮ ਚਾਹ ਬਣਾਕੇ ਜਰੂਰ ਪਿਆਉਂਦੀ ਤੇ ਅਮੂਮਨ ਉਹ ਨਾਲ ਬਿਸਕੁਟ ਜਾਂ ਰਸ ਵੀ ਦੇ ਦਿੰਦੀ। ਹਰ ਤਿੱਥ ਤਿਉਹ- ਾਰ ਤੇ ਮਿਠਾਈ ਜਾਂ ਫਰੂਟ ਦੇਣਾ ਨਾ ਭੁੱਲਦੀ। ਇਹ ਵੇਖਕੇ ਮੇਰੀ ਸਰੀਕ ਏ ਹਯਾਤ ਦਾ ਸੇਰ ਖੂਨ ਵੱਧ ਜਾਂਦਾ। ਕਿਉਂਕਿ ਮੇਰੀ ਮਾਂ ਵਾਂਗੂ ਮੇਰੀ ਬੇਗਮ ਵੀ ਆਪਣੀਆਂ ਕੰਮ ਵਾਲੀਆਂ ਤੇ ਸਦਾ ਮਿਹਰਬਾਨ ਰਹਿੰਦੀ ਸੀ। ਉਹਨਾਂ ਦੇ ਨਾਲ ਹੀ ਚਾਹ ਪੀਣੀ ਅਤੇ ਜੋ ਘਰੇ ਬਣਦਾ ਉਹਨਾਂ ਨੂੰ ਬਰਾਬਰ ਦਾ ਹਿੱਸਾ ਦੇਣਾ। ਗਰਮੀ ਸਰਦੀ ਉਹਨਾਂ ਦੇ ਜੋੜੇ ਜੁੱਤੀਆਂ ਅਤੇ ਗਰਮ ਸਰਦ ਕੱਪੜਿਆਂ ਦਾ ਖਿਆਲ ਰੱਖਣਾ ਇਸ ਸੱਸ ਨੂੰਹ ਦੀ ਆਦਤ ਵਿੱਚ ਸ਼ੁਮਾਰ ਸੀ। ਅੱਗੋਂ ਬੇਟੀ ਸਵਾ ਸੇਰ ਨਿਕਲੀ। ਉਸਨੇ ਨੋਇਡਾ ਵਿੱਚ ਵੀ ਆਪਣੀ ਇਸ ਸੇਵਾ ਸੰਭਾਲ ਦਾ ਪ੍ਰਚਮ ਲਹਿਰਾਂ ਦਿੱਤਾ।

ਹੁਣ ਜਦੋਂ ਅਸੀਂ ਸ਼ੀਸ਼ ਮਹਿਲ ਕਲੋਂਨੀ ਵਿੱਚ ਰਹਿੰਦੇ ਕਦੇ ਕਦੇ ਇਹੁਨਾਂ ਡਿਊਟੀ ਦੇ ਰਹੇ ਗਾਰਡਾਂ ਨੂੰ ਕੇਲੇ, ਕਚੋਰੀ, ਸਮੋਸੇ ਜਾਂ ਕੁਝ ਹੋਰ ਖਾਣ ਪੀਣ ਨੂੰ ਦਿੰਦੇ ਹਾਂ ਤਾਂ ਸਾਨੂੰ ਇੰਜ ਲੱਗਦਾ ਹੈ ਜਿਵੇਂ ਅਸੀਂ ਬੱਚਿਆਂ ਦੇ ਪਾਏ ਪੂਰਨਿਆਂ ਤੇ ਚਲਦੇ ਹੋਈਏ। ਮਾਂ ਦੀ ਯਾਦ ਤਾਂ ਆਉਂਦੀ ਹੀ ਹੈ ਤੇ ਪ੍ਰਦੇਸ਼ ਬੈਠੀ ਬੇਟੀ ਦਾ ਚੇਹਰਾ ਵੀ ਅੱਖਾਂ ਮੂਹਰੇ ਆਉਂਦਾ ਹੈ। ਜਿਵੇਂ ਕਹਿੰਦੀ ਹੋਵੇ "ਵੈੱਲ ਡਨ ਪਾਪਾ* ।



ਰਮੇਸ਼ ਸੇਠੀ ਬਾਦਲ
9876627233




# ਸਾਡੀ ਮਾਂ ਬੋਲੀ ਪੰਜਾਬੀ

ਦੁਨੀਆਂ ਦੀਆਂ ਸੱਤ ਹਜ਼ਾਰ ਭਾਸ਼ਾਵਾਂ ਵਿੱਚੋਂ ਦਸਵਾਂ ਸਥਾਨ। ਭਾਰਤ ਦੀਆਂ ਲਗਭਗ 30 ਭਾਸ਼ਾਵਾਂ ਵਿੱਚ ਇਸ ਦੀ ਸ਼ਾਨ। ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਇਸ ਦੀਆਂ,ਪੁਰਾਤਨਤਾ ਇਸ ਦੀ, ਸੰਸਕ੍ਰਿਤ ਜਿੰਨੀ, ਲਿਖੀ ਵਿੱਚ ਵੇਦ ਪੁਰਾਣ। ੧ਓਂ ਬਾਬੇ ਨਾਨਕ ਉਚਾਰੀ ਬੋਲੀ ਪੰਜਾਬੀ,ਬਾਬਾ ਫਰੀਦ, ਭਗਤ ਰਵਿਦਾਸ ਵੀਚਾਰੀ ਪੰਜਾਬੀ। ਸੂਫੀ ਕਵੀਆਂ ਬਾਰਵੀਂ ਸਦੀ ਵਿੱਚ, ਅਜ਼ਮਾਈ ਪੰਜਾਬੀ,ਫਰੀਦ ਗੰਜ ਸ਼ੱਕਰ,ਬੁਲੇ ਸ਼ਾਹ,ਦਮੋਦਰ ਸ਼ਾਹ ਸ਼ਿੰਗਾਰੀ ਪੰਜਾਬੀ। ਬਾਬੇ ਨਾਨਕ ਦਾ ਫੁਰਮਾਨ, ਚੰਗਿਆਂ ਤੇ ਜਗਿਆਸੂਆਂ ਨੂੰ,ਚੰਗਿਆਂ ਨੂੰ ਕਿਹਾ ਵਸਦੇ ਰਹੋ, ਜਗਿਆਸੂਆਂ ਨੂੰ ਦਿੱਤਾ ਪਰਵਾਸ।

ਮਾਂ-ਬੋਲੀ ਸਾਡੀ ਪੰਜਾਬੀ...........!

ਪਰਵਾਸੀ ਗਏ, ਪੱਛਮੀ ਮੁਲਕਾਂ ਤੇ ਟਾਪੂਆਂ ਨੂੰ, ਕੋਈ ਖਿੱਤਾ ਨ੍ਹੀਂ ਛੱਡਿਆ ਪੰਜਾਬੀਆਂ, ਜਿੱਥੇ ਕੀਤਾ ਨਾ ਹੋਵੇ ਆਵਾਸ। ਗਾਇਕ, ਨਾਚ-ਮੰਡਲੀਆਂ, ਫਿਲਮਾਂ ਵਿੱਚ ਗੱਜ-ਵੱਜ ਕੇ ਹੋਏ ਮਸ਼ਹੂਰ ,ਸ਼ਬਦ-ਗਾਇਨ ਵਿੱਚ ਵੀ ਕੀਰਤਨੀਏ, ਗੁਰਬਾਣੀ ਰਸ ਨਾਲ ਭਰਪੂਰ। ਮਾਖਿਓਂ ਮਿੱਠੀ ਬੋਲੀ ਖਿੱਚ ਪਾਉਂਦੀ, ਹਰ ਕੋਈ ਸੁਣਦਾ ਜ਼ਰੂਰ,ਲਿਖਣੀ ਭਾਵੇਂ, ਕੁਝ ਤਬਕਾ ਨ੍ਹੀਂ ਜਾਣਦਾ, ਸੁਣ ਕੇ ਆਉਂਦਾ ਵਿੱਚ ਗਰੂਰ। ਸਮੇਂ ਨਾਲ ਪੰਜਾਬੀ ਬੋਲੀ ਹੋ ਚੁੱਕੀ ਬਹੁਤ ਅਮੀਰ,ਉਰਦੂ,ਫਾਰਸੀ,ਅਰਬੀ,ਹਿੰਦੀ,ਸੰਸਕ੍ਰਿਤ, ਅੰਗਰੇਜ਼ੀ ਨਾਲ ਪਾਉਂਦੀ ਸੀਰ। ਦੁਨੀਆਂ ਦੇ ਹਰ ਖਿੱਤੇ ਵਿੱਚ ਪਹੁੰਚੇ, ਇਸ ਦੇ ਸਫੀਰ,ਭਾਸ਼ਾ ਦੀ ਮਿਠਾਸ ਨਾਲ ਜੁੜੇ ਨੇ,ਮੀਰ,ਪੀਰ, ਕਵੀ, ਗਾਇਕ ਤੇ ਫਕੀਰ। ਮਾਂ-ਬੋਲੀ ਪੰਜਾਬੀ ਗਿਆਨ ਤੇ ਸੱਭਿਆਚਾਰ ਨਾਲ ਜੁੜੀ ਹੈ,ਕੁਝ ਤੰਗ-ਦਿਲ ਲੋਕ ਧਰਮਾਂ ਦੀ ਕੱਟੜਤਾ ਨਾਲ ਜੋੜਦੇ, ਇਸ ਕਰਕੇ ਥੁੜੀ ਹੈ। ਖੁਸ਼ੀ,ਗਮੀ, ਵਣਜ, ਵਪਾਰ, ਕਾਰੋਬਾਰ ਨਾਲ ਜੁੜੀ ਹੈ,ਸਕੂਨ ਮਿਲਦਾ ਮਨ ਨੂੰ, ਹਰ ਸਮੇਂ ਸਾਡੇ ਨਾਲ ਖੜ੍ਹੀ ਹੈ,ਮਾਂ-ਬੋਲੀ ਨਾਲ ਜਦੋਂ ਜੁੜਦੇ, ਲੱਗਦੈ ਸਾਡੀ ਸੁਨਹਿਰੀ ਤਕਦੀਰ ਘੜੀ ਹੈ। ਮਾਂ-ਬੋਲੀ ਸਾਡੀ ਪੰਜਾਬੀ.................!

ਜੰਮੇ-ਪਲੇ ਪੰਜਾਬ ਦੇ, ਵਿਦਿਆ ਪਾ ਕੇ, ਵਿੱਚ ਪੰਜਾਬੀ। ਆਪਣੀ ਮਾਂ ਬੋਲੀ, ਨਾਲ ਕਰਦੇ ਧੋਖੇਬਾਜੀ। ਬੱਚਿਆਂ ਨੂੰ ਕਹਿੰਦੇ ਪੜੋ, ਪਰਾਈਆਂ ਭਾਸ਼ਾਵਾਂ, ਮਾਤ-ਭਾਸ਼ਾ ਰੁਜ਼ਗਾਰ ਨ੍ਹੀਂ ਦਿੰਦੀ। ਚੰਗੀ ਭਲੀ ਪੰਜਾਬੀ ਆਉਂਦੀ, ਜਾਣ ਬੁੱਝ ਕੇ ਬੋਲਣ ਹਿੰਦੀ। ਬੱਚਿਆਂ ਨਾਲ ਹੁੰਦੀ, ਅੱਤ ਦੀ ਬੇਇਨਸਾਫੀ, ਉਹਨਾਂ ਦੀ ਸ਼ਖਸ਼ੀਅਤ ਬੌਨੀ ਪੈਂਦੀ। ਬੋਝ ਮਣਾਂ-ਮੂੰਹੀਂ ਉਨ੍ਹਾਂ ਦੇ ਵਿਕਾਸ ਤੇ ਪੈਂਦਾ, ਫਿਰ ਸਿੱਧ-ਪਧਰੀ ਗੱਲ ਵੀ ਸਮਝ ਨਾ ਪੈਂਦੀ। ਸਮਾਂ ਹੀ ਐਸਾ ਆ ਗਿਆ, ਆਪਣੇ ਹੀ ਆਪਣਿਆਂ ਨੂੰ ਮਾਰਦੇ। ਧਰਮਾਂ ਅਤੇ ਸਿਆਸਤ ਦੇ, ਰੌਲਿਆਂ ਵਿੱਚ ਪੈ ਕੇ ਮਾਂ-ਬੋਲੀ ਨੂੰ ਦੁਰਕਾਰਦੇ।

ਮਾਂ-ਬੋਲੀ ਸਾਡੀ ਪੰਜਾਬੀ.................!






ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639 ਸੈਕਟਰ 40ਏ ਚੰਡੀਗੜ੍ਹ -160036 ਫੋਨ ਨੰਬਰ : 9878469639

# ਤੇਲਗੂ ਦੇਸਮ ਦੀ ਭਾਸ਼ਾ ਪੰਜਾਬ ਵਿੱਚ ਪੜ੍ਹਾਉਣ ਦੀ ਤਿਆਰੀ !

ਪੰਜਾਬ ਸਰਕਾਰ ਜਿਸ ਤਰ੍ਹਾਂ ਪੰਜਾਬ ਵਿੱਚ ਹਿੰਦੀ ਭਾਸ਼ਾ ਵਿੱਚ ਨੀਂਹ ਪੱਥਰ ਰੱਖਣ ਲੱਗੀ ਹੋਈ ਹੈ, ਉੱਥੇ ਉਹ ਕਾਨੂੰਨ ਦੀਆਂ ਵੀ ਧੱਜੀਆਂ ਉਡਾਉਣ ਲੱਗੀ ਹੈ। ਦਿੱਲੀ ਦੇ ਹਾਰੇ ਤੇ ਨਕਾਰੇ, ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਜ਼ਮਾਨਤ ਉਤੇ ਆਏ ਹੋਏ ਅਰਵਿੰਦ ਕੇਜਰੀਵਾਲ ਦਾ ਨਾਮ ਵੀ ਉਪਰ ਲਿਖ ਕੇ ਪੰਜਾਬ ਦੇ ਲੋਕਾਂ ਦਾ ਮੂੰਹ ਚੜਾਉਣ ਲੱਗੀ ਹੈ। ਹੁਣ ਨਵਾਂ ਹੁਕਮ ਆਇਆ ਹੈ ਕਿ ਤੇਲਗੂ ਭਾਸ਼ਾ ਪੜ੍ਹਾਉਣ ਲਈ ਤਰੀਕਾਂ ਮਿੱਥ ਦਿੱਤੀਆਂ ਹਨ। ਪੰਜਾਬ ਦੇ ਲੋਕਾਂ ਨੂੰ ਇਹਨਾਂ ਨੀਤੀਆਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਕਿਉਂਕਿ ਇਹ ਮਾਮਲਾ ਕੇਵਲ ਲੇਖਕ ਜੱਥੇਬੰਦੀਆਂ ਦਾ ਹੀ ਨਹੀਂ ਹਰ ਪੰਜਾਬੀ ਦਾ ਮਸਲਾ ਹੈ। ਲੇਖਕ ਤੇ ਵਿਦਵਾਨ ਭਾਈਚਾਰਾ ਤਾਂ ਇਨਾਮਾਂ ਤੇ ਪੁਰਸਕਾਰਾਂ ਦੀ ਝਾਕ ਵਿੱਚ ਹੈ। ਕਿਉਂਕਿ ਮਾਣਯੋਗ ਅਦਾਲਤ ਵੱਲੋਂ ਪੁਰਸਕਾਰਾਂ ਉਤੇ ਰੋਕ ਲੱਗੀ ਹੋਈ ਹੈ।



ਉਹ ਇਸੇ ਸਦਮੇ ਵਿੱਚ ਚੁੱਪ ਹਨ। ਪੰਜਾਬ ਸਰਕਾਰ, ਭਗਵੰਤ ਮਾਨ ਜਿਸ ਤਰ੍ਹਾਂ ਪੰਜਾਬ ਨੂੰ ਉਜਾੜਨ ਲੱਗਿਆ ਹੋਇਆ ਹੈ, ਉਸਨੂੰ ਸੁਖਬੀਰ ਸਿੰਘ ਬਾਦਲ ਦੀ ਪਾਰਟੀ ਦੀ ਪੰਜਾਬ ਦੇ ਲੋਕਾਂ ਵਲੋਂ ਕੀਤੀ ਦੁਰਦਸ਼ਾ ਨੂੰ ਜ਼ਰੂਰ ਚੇਤੇ ਰੱਖਣ ਦੀ ਲੋੜ ਹੈ। ਪੰਜਾਬੀ ਇੱਕੀ ਦੇ ਇੱਕਤਾਲੀ ਮੋੜਦੇ ਹਨ। ਅਗਲੀਆਂ ਚੋਣਾਂ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਲੁਧਿਆਣਾ ਚੋਣ ਇਹਨਾਂ ਲਈ ਜਿੱਤਣੀ ਮੁਸ਼ਕਿਲ ਹੈ। ਪੰਜਾਬ ਸਰਕਾਰ ਨੇ ਪੰਜਾਬ ਦਾ ਪਾਣੀ ਲੁਟਾ ਦਿੱਤਾ ਹੈ। ਭਗਵੰਤ ਮਾਨ ਦੀ ਕਹਿਣੀ ਤੇ ਕਥਨੀ ਵਿੱਚ ਬਹੁਤ ਅੰਤਰ ਹੈ। ਉਸਨੇ ਪੰਜਾਬ ਨੂੰ ਕਰਜ਼ੇ ਦੇ ਜੰਜਾਲ ਵਿੱਚ ਬੁਰੀ ਤਰ੍ਹਾਂ ਫਸਾ ਦਿੱਤਾ ਹੈ। ਸਵਾ ਤਿੰਨ ਸਾਲ ਵਿੱਚ ਪੰਜਾਬ ਸਰਕਾਰ ਨੇ ਇਸ਼ਤਿਹਾਰਾਂ ਉਤੇ 317 ਕਰੋੜ ਰੁਪਏ ਉਡਾਏ ਹਨ। ਇਹਨਾਂ ਇਸ਼ਤਿਹਾਰਾਂ ਦਾ ਪੰਜਾਬ ਦੇ ਲੋਕਾਂ ਨੂੰ ਤਾਂ ਕੋਈ ਲਾਭ ਨਹੀਂ ਹੋਇਆ, ਸਗੋਂ ਨੁਕਸਾਨ ਹੋਇਆ ਹੈ। ਪੰਜਾਬ ਦੇ ਵਿੱਚ ਬਿਨਾਂ ਨੀਂਹ ਪੱਥਰ ਰੱਖਣ ਦੇ ਕਿਧਰੇ ਕੋਈ ਇੱਟ ਨਹੀਂ ਲੱਗੀ। ਦਿੱਲੀ ਦੇ ਧਾੜਵੀਆਂ ਨੂੰ ਪੰਜਾਬ ਦੇ ਲੋਕਾਂ ਦੇ ਸਿਰ ਉੱਤੇ ਬੈਠਾ ਦਿੱਤਾ ਹੈ। ਇਸ ਸਮੇਂ ਪੰਜਾਬ ਦੇ ਲੋਕਾਂ ਨੂੰ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਗੱਲ ਸਹੇ ਦੀ ਨਹੀਂ ਪਹੇ ਦੀ ਹੈ। ਦਿੱਲੀ ਦੇ ਧਾੜਵੀਆਂ ਵਲੋਂ ਪੰਜਾਬ ਨੂੰ ਉਜਾੜਨ ਲਈ ਹਰ ਤਰੀਕਾ ਵਰਤਿਆ ਜਾ ਰਿਹਾ ਹੈ। ਪੰਜਾਬ ਦੇ ਲੋਕੋਂ ਹੁਣ ਤੁਸੀਂ ਸੋਚਣਾ ਹੈ ਕਿ ਕੀ ਕਰਨਾ ਹੈ। ਉਂਝ ਤੁਹਾਡੇ ਬਾਰੇ ਫ਼ੁਕਰੇ ਗੀਤਕਾਰਾਂ ਤੇ ਗਾਇਕਾਂ ਨੇ ਗਾਇਆ ਹੋਇਆ ਹੈ ਕਿ ਸਾਡੀ ਰੀਸ ਕੌਣ ਕਰ ਲੂ ਸਾਨੂੰ ਰੱਬ ਬਣਾਇਆ ਮਹਾਰਾਜੇ।

ਹੁਣ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਤਾਂ ਦਿੱਲੀ ਵਾਲਿਆਂ ਦੀ ਗੁਲਾਮ ਬਣ ਗਈ ਹੈ ਤੁਸੀਂ ਕਿੰਨੇ ਕੁਝ ਆਜ਼ਾਦ ਹੋ ਦੱਸਿਓ। ਪੰਜਾਬੀ ਓ ਜਾਗਦੇ ਕੇ ਸੁੱਤੇ?



**ਬੁੱਧ ਸਿੰਘ ਨੀਲੋਂ**
9464370823



# ਵਿਸ਼ਵ ਥਾਇਰੋਇਡ ਦਿਵਸ

ਹਰ ਸਾਲ 25 ਮਈ ਨੂੰ ਦੁਨੀਆ ਭਰ ਦੀ ਸਿਹਤ ਸੰਸਥਾਵਾਂ ਵਿਸ਼ਵ ਥਾਇਰੋਇਡ ਦਿਵਸ ਮਨਾਉਂਦੀਆਂ ਹਨ ਤਾਂ ਜੋ ਥਾਇਰੋਇਡ ਗ੍ਰੰਥੀ ਦੀ ਸਿਹਤ ਅਤੇ ਥਾਇਰੋਇਡ ਬਿਮਾਰੀਆਂ ਦੇ ਪ੍ਰਭਾਵ ਬਾਰੇ ਜਾਗਰੂਕਤਾ ਵਧਾਈ ਜਾ ਸਕੇ। ਥਾਇਰੋਇਡ ਜੋ ਕਿ ਗਲੇ ਦੇ ਹੇਠਲੇ ਹਿੱਸੇ ਵਿੱਚ ਇੱਕ ਤਿਤਲੀ ਦੇ ਆਕਾਰ ਦੀ ਗ੍ਰੰਥੀ ਹੈ ਵੱਖ-ਵੱਖ ਸਰੀਰਕ ਕਾਰਜਾਂ ਨੂੰ ਨਿਯੰਤ੍ਰਿਤ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਇਨ੍ਹਾਂ ਕਾਰਜਾਂ ਵਿੱਚ ਮੈਟਾਬੋਲਿਜ਼ਮ, ਊਰਜਾ ਉਤਪਾਦਨ ਅਤੇ ਸਰੀਰਕ ਵਿਕਾਸ ਸ਼ਾਮਿਲ ਹਨ। ਇਸ ਗ੍ਰੰਥੀ ਦੀ ਮਹੱਤਤਾ ਅਤੇ ਇਸ ਨਾਲ ਜੁੜੇ ਕਾਰਜਾਂ ਨੂੰ ਸਮਝਣਾ ਕੁੱਲ ਮਿਲਾ ਕੇ ਸਿਹਤ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ।

**ਥਾਇਰੋਇਡ ਰੋਗ ਬਾਬਤ ਭੂਮਿਕਾ**

ਥਾਇਰੋਇਡ ਗ੍ਰੰਥੀ ਉਹ ਹਾਰਮੋਨ ਉਤਪਾਦ ਕਰਦੀ ਹੈ ਜੋ ਸਰੀਰ ਦੇ ਮੈਟਾਬੋਲਿਜ਼ਮ ਲਈ ਅਤਿ ਜ਼ਰੂਰੀ ਹੁੰਦੇ ਹਨ। ਇਹ ਹਾਰਮੋਨ, ਮੁੱਖ ਰੂਪ ਵਿੱਚ ਥਾਇਰੋਕਸਿਨ (T4) ਅਤੇ ਟ੍ਰਾਈਆਈਓਡੋਥਾਇਰੋਨਿਨ (T3), ਸਰੀਰ ਦੇ ਊਰਜਾ ਦੀ ਵਰਤੋਂ 'ਤੇ ਪ੍ਰਭਾਵ ਪਾਉਂਦੇ ਹਨ ਜੋ ਕਿ ਲਗਭਗ ਹਰ ਅੰਗ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਥਾਇਰੋਇਡ ਸਹੀ ਤਰੀਕੇ ਨਾਲ ਕੰਮ ਕਰਦੀ ਹੈ ਇਹ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ , ਦਿਲ ਦੀ ਧੜਕਨ ਨੂੰ ਨਿਯੰਤ੍ਰਿਤ ਕਰਨ ਅਤੇ ਦਿਮਾਗ ਦੇ ਕਾਰਜ ਨੂੰ ਸਮਰਥਨ ਦੇਣ ਵਿੱਚ ਮਦਦ ਕਰਦੀ ਹੈ। ਪਰ ਜਦੋਂ ਇਹ ਬਹੁਤ ਜਿਆਦਾ ਜਾਂ ਘੱਟ ਕੰਮ ਕਰਦੀ ਹੈ ਤਾਂ ਇਹ ਸਿਹਤ ਨਾਲ ਸੰਬੰਧਿਤ ਵੱਖ-ਵੱਖ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

**ਥਾਇਰੋਇਡ ਬਿਮਾਰੀਆਂ ਦੇ ਕਾਰਨ**

ਥਾਇਰੋਇਡ ਬਿਮਾਰੀਆਂ ਕਈ ਕਾਰਨਾਂ ਤੋਂ ਹੋ ਸਕਦੀਆਂ ਹਨ, ਜਿਵੇਂ ਕਿ:

1. ਆਤਮ ਪ੍ਰਤੀਕਿਰਿਆ ਵਾਲੀਆਂ ਬਿਮਾਰੀਆਂ: ਹਸ਼ਿਮੋਟੋ ਦੀ ਥਾਇਰੋਇਡਾਈਟਿਸ ਅਤੇ ਗ੍ਰੇਵਜ਼ ਦੀ ਬਿਮਾਰੀ ਵਰਗੀਆਂ ਸ਼੍ਰੇਣੀਆਂ ਉਸ ਵੇਲੇ ਹੁੰਦੀਆਂ ਹਨ ਜਦੋਂ ਇਮਿਊਨ ਪ੍ਰਣਾਲੀ ਗਲਤੀ ਨਾਲ ਥਾਇਰੋਇਡ ਗ੍ਰੰਥੀ 'ਤੇ ਹਮਲਾ ਕਰਦੀ ਹੈ।

2. ਆਈਓਡੀਨ ਦੀ ਘਾਟ: ਆਈਓਡੀਨ ਥਾਇਰੋਇਡ ਹਾਰਮੋਨ ਦੇ ਉਤਪਾਦਨ ਲਈ ਅਤਿ ਜ਼ਰੂਰੀ ਹੈ। ਖੁਰਾਕ ਵਿੱਚ ਆਈਓਡੀਨ ਦੀ ਘਾਟ ਗੋਇਟਰ ਅਤੇ ਹੋਰ ਥਾਇਰੋਇਡ-ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

3. ਜਿਨਸੀ ਪੱਧਰ: ਪਰਿਵਾਰਕ ਇਤਿਹਾਸ ਕਿਸੇ ਵਿਅਕਤੀ ਦੀ ਥਾਇਰੋਇਡ ਬਿਮਾਰੀ ਦੇ



ਪ੍ਰਤੀ ਸੰਵੇਦਨਸ਼ੀਲਤਾ 'ਤੇ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ।

4. ਰੇਡੀਏਸ਼ਨ ਦਾ ਸੰਪਰਕ: ਰੇਡੀਏਸ਼ਨ ਦੇ ਸੰਪਰਕ, ਵਿਸ਼ੇਸ਼ ਤੌਰ 'ਤੇ ਕੈਂਸਰ ਦੇ ਇਲਾਜ ਦੌਰਾਨ, ਥਾਇਰੋਇਡ ਗ੍ਰੰਥੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

5. ਦਵਾਈਆਂ: ਕੁਝ ਦਵਾਈਆਂ ਥਾਇਰੋਇਡ ਫੰਕਸ਼ਨ 'ਤੇ ਪ੍ਰਭਾਵ ਪਾ ਸਕਦੀਆਂ ਹਨ ਜਿਸ ਨਾਲ ਹਾਈਪੋਥਾਇਰੋਇਡਿਜ਼ਮ ਜਾਂ ਹਾਈਪਰਥਾਇਰੋਇਡਿਜ਼ਮ ਹੋ ਸਕਦਾ ਹੈ।

**ਥਾਇਰੋਇਡ ਬਿਮਾਰੀਆਂ ਦੀਆਂ ਕਿਸਮਾਂ**

ਥਾਇਰੋਇਡ ਦੀਆਂ ਬਿਮਾਰੀਆਂ ਨੂੰ ਕੁਝ ਮੁੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

1. ਹਾਈਪੋਥਾਇਰੋਇਡਿਜ਼ਮ : ਇੱਕ ਐਸੀ ਸਥਿਤੀ ਜਿਸ ਵਿੱਚ ਥਾਇਰੋਇਡ ਕਾਫੀ ਹਾਰਮੋਨ ਉਤਪਾਦ ਨਹੀਂ ਕਰਦੀ। ਲੱਛਣਾਂ ਵਿੱਚ ਥਕਾਵਟ, ਵਜ਼ਨ ਵੱਧਣਾ, ਠੰਡ ਨੂੰ ਸਹਿਣ ਕਰਨ ਦੀ ਸਮੱਸਿਆ, ਅਤੇ ਡਿਪ੍ਰੈਸ਼ਨ ਸ਼ਾਮਿਲ ਹੋ ਸਕਦੇ ਹਨ।

2. ਹਾਈਪਰਥਾਇਰੋਇਡਿਜ਼ਮ : ਇਹ ਉਸ ਵੇਲੇ ਹੁੰਦਾ ਹੈ ਜਦੋਂ ਥਾਇਰੋਇਡ ਬਹੁਤ ਜਿਆਦਾ ਹਾਰਮੋਨ ਉਤਪਾਦ ਕਰਦੀ ਹੈ। ਲੱਛਣਾਂ ਵਿੱਚ ਵਜ਼ਨ ਘਟਣਾ, ਤੇਜ਼ ਦਿਲ ਦੀ ਧੜਕਨ, ਵੱਧ ਭੁੱਖ, ਅਤੇ ਚਿੰਤਾ ਸ਼ਾਮਿਲ ਹੋ ਸਕਦੇ ਹਨ।

3. ਗਾਇਟਰ: ਇਹ ਥਾਇਰੋਇਡ ਗ੍ਰੰਥੀ ਦਾ ਵੱਡਾ ਹੋਣਾ ਹੈ ਜੋ ਕਿ ਹਾਈਪੋਥਾਇਰੋਇਡਿਜ਼ਮ ਅਤੇ ਹਾਈਪਰਥਾਇਰੋਇਡਿਜ਼ਮ ਦੋਂਹਾਂ ਵਿੱਚ ਹੋ ਸਕਦਾ ਹੈ।

4. ਥਾਇਰੋਇਡ ਨੌਡਲਸ: ਇਹ ਥਾਇਰੋਇਡ ਗ੍ਰੰਥੀ ਵਿੱਚ ਗੰਡਾ ਹੁੰਦੀਆਂ ਹਨ ਜੋ ਕਿ ਬੇਨੀਗਨ ਜਾਂ ਮਾਲਿਗਨੈਂਟ ਹੋ ਸਕਦੀਆਂ ਹਨ।

5. ਥਾਇਰੋਇਡ ਕੈਂਸਰ: ਹਾਲਾਂਕਿ ਇਹ ਰੈਸ਼ੀ ਆਲਮੀ ਹੈ ਪਰ ਇਹ ਵਿਕਸਤ ਹੋ ਸਕਦਾ ਹੈ ਅਤੇ ਇਸਦੀ ਸਰਜਰੀ ਦੀ ਲੋੜ ਹੋ ਸਕਦੀ ਹੈ।

**ਬਚਾਅ ਅਤੇ ਪਹਿਲਾਂ ਹੀ ਪਛਾਣ**

ਥਾਇਰੋਇਡ ਬਿਮਾਰੀਆਂ ਤੋਂ ਬਚਾਅ ਜਾਗਰੂਕਤਾ ਅਤੇ ਸਿੱਖਿਆ ਨਾਲ ਸ਼ੁਰੂ ਹੁੰਦਾ ਹੈ। ਕੁਝ ਮੁੱਖ ਰਣਨੀਤੀਆਂ ਹਨ:

* ਯੋਗ ਆਈਓਡੀਨ ਖੁਰਾਕ: ਖੁਰਾਕ ਵਿੱਚ ਯੋਗ ਆਈਓਡੀਨ ਨੂੰ ਯਕੀਨੀ ਬਣਾਉਣਾ ਆਈਓਡੀਜ਼ ਕੀਤਾ ਨਮਕ ਜਾਂ ਆਈਓਡੀਨ-ਯੁਕਤ ਖੁਰਾਕਾਂ ਦੁਆਰਾ ਬਹੁਤ ਸਾਰੀਆਂ ਥਾਇਰੋਇਡ ਬਿਮਾਰੀਆਂ ਤੋਂ ਬਚਣ ਵਿੱਚ ਮਦਦ ਕਰ ਸਕਦਾ ਹੈ।
* ਨਿਯਮਿਤ ਜਾਂਚ: ਥਾਇਰੋਇਡ ਹਾਰਮੋਨ ਦੀਆਂ ਪੱਧਰੀਆਂ ਨੂੰ ਨਿਗਾਹ ਰੱਖਣ ਲਈ ਸਮੇਂ ਸਮੇਂ ਸਿਰ ਖੂਨ ਦੀ ਜਾਂਚ ਕਰਵਾਉਣਾ ਪਹਿਲਾਂ ਹੀ ਪਛਾਣ ਲਈ ਮਹੱਤਵਪੂਰਣ ਹੈ ਖਾਸ ਕਰਕੇ ਉਹਨਾਂ ਵਿਅਕਤੀਆਂ ਲਈ ਜਿਨ੍ਹਾਂ ਦਾ ਪਰਿਵਾਰਕ ਇਤਿਹਾਸ ਹੈ।
* ਸਿਹਤਮੰਦ ਜੀਵਨ ਸ਼ੈਲੀ ਚੁਣਾਵ: ਸੰਤੁਲਿਤ ਖੁਰਾਕ ਨੂੰ ਚੁਣਨਾ, ਰੋਜ਼ਾਨਾ ਸਰੀਰਕ ਸਰਗਰਮੀ ਵਿੱਚ ਸ਼ਾਮਿਲ ਹੋਣਾ ਅਤੇ ਤਣਾਵ ਨੂੰ ਪ੍ਰਬੰਧਿਤ ਕਰਨਾ ਕੁੱਲ ਮਿਲਾ ਕੇ ਥਾਇਰੋਇਡ ਸਿਹਤ ਵਿੱਚ ਯੋਗਦਾਨ ਪਾ ਸਕਦਾ ਹੈ।

**ਉਪਚਾਰ ਵਿਕਲਪ**

ਥਾਇਰੋਇਡ ਬਿਮਾਰੀਆਂ ਦਾ ਉਪਚਾਰ ਕਿਸਮ ਅਤੇ ਗੰਭੀਰਤਾ ਦੇ ਅਧਾਰ 'ਤੇ ਵੱਖ-ਵੱਖ ਹੁੰਦਾ ਹੈ:

* ਹਾਈਪੋਥਾਇਰੋਇਡਿਜ਼ਮ ਦਾ ਇਲਾਜ ਆਮ ਤੌਰ 'ਤੇ ਸਿੰਥੇਟਿਕ ਹਾਰਮੋਨ ਬਦਲਾਅ ਉਪਚਾਰ (ਲੇਵੋਥਾਇਰੋਕਸਿਨ) ਨਾਲ ਕੀਤਾ ਜਾਂਦਾ ਹੈ ਤਾਂ ਜੋ ਹਾਰਮੋਨ ਪੱਧਰੀਆਂ ਨੂੰ ਸੁਧਾਰਿਆ ਜਾ ਸਕੇ।
* ਹਾਈਪਰਥਾਇਰੋਇਡਿਜ਼ਮ ਲਈ ਐਂਟੀਥਾਇਰੋਇਡ ਦਵਾਈਆਂ, ਰੇਡੀਓਐਕਟਿਵ ਆਈਓਡੀਨ ਦਾ ਇਲਾਜ ਜਾਂ ਗੰਭੀਰ ਮਾਮਲਿਆਂ ਵਿੱਚ ਸਰਜਰੀ ਦੀ ਲੋੜ ਪੈ ਸਕਦੀ ਹੈ।
* ਥਾਇਰੋਇਡ ਨੌਡਲਸ ਜਾਂ ਕੈਂਸਰ ਤੇ ਨਿਗਾਹ ਰੱਖਣ ਜਾਂ ਉਸਦੀ ਪ੍ਰਕਾਰ ਅਤੇ ਲੱਛਣਾਂ ਦੇ ਅਧਾਰ 'ਤੇ ਸਰਜਰੀ ਦੀ ਲੋੜ ਪੈ ਸਕਦੀ ਹੈ।

ਜਦੋਂ ਅਸੀਂ ਵਿਸ਼ਵ ਥਾਇਰੋਇਡ ਦਿਵਸ ਮਨਾਉਂਦੇ ਹਾਂ ਇਹ ਮਹੱਤਵਪੂਰਣ ਹੈ ਕਿ ਅਸੀਂ ਥਾਇਰੋਇਡ ਸਿਹਤ ਦੀ ਮਹੱਤਤਾ ਅਤੇ ਬਿਮਾਰੀਆਂ ਦੇ ਪ੍ਰਭਾਵ ਨੂੰ ਸਵੀਕਾਰ ਕਰੀਏ ਜੋ ਦੁਨੀਆ ਭਰ ਵਿੱਚ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਜਾਗਰੂਕਤਾ ਵਧਾਉਣ, ਰੋਕਥਾਮ ਦੇ ਉਪਾਅ ਨੂੰ ਹੱਲਾਸ਼ੇਰੀ ਦਈਏ ਅਤੇ ਪ੍ਰਭਾਵਸ਼ਾਲੀ ਇਲਾਜ ਤੱਕ ਪਹੁੰਚ ਯਕੀਨੀ ਬਣਾਉਣ ਨਾਲ ਅਸੀਂ ਥਾਇਰੋਇਡ ਬਿਮਾਰੀਆਂ ਨਾਲ ਪੀੜਤ ਲੋਕਾਂ ਲਈ ਨਤੀਜੇ ਸੁਧਾਰ ਸਕਦੇ ਹਾਂ। ਆਓ, ਇਸ ਮੌਕੇ ਨੂੰ ਆਪਣੇ ਆਪ ਨੂੰ ਅਤੇ ਹੋਰਾਂ ਨੂੰ ਥਾਇਰੋਇਡ ਗ੍ਰੰਥੀ ਦੀ ਮਹੱਤਤਾ ਬਾਰੇ ਸਿੱਖਣ ਦਾ ਮੌਕਾ ਦੇਈਏ ਅਤੇ ਸਭ ਦੇ ਲਈ ਨਰੋਈ ਸਿਹਤ ਲਈ ਆਸ ਤੇ ਅਰਦਾਸ ਕਰੀਏ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ।**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜ਼ਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com